# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਅਗਸਤ 2009

ਮੁੱਲ : 15 ਰੁਪਏ

# ਗੁੱਝੀਆਂ ਰਮਜ਼ਾਂ



### ਬ੍ਰਿਹੋਂ ਕੁੱਠੀ ਦੀ ਸਿੱਕ

ਤਿਨ੍ਹਾਂ ਅਮਨ ਨਸੀਬਾਂ ਕਿੱਥੇ,
ਜਿਨ੍ਹਾਂ ਲਗੀ ਪ੍ਰੇਮ ਦੀ ਕਾਤੀ।

ਫਿਰਦੇ ਫਿਰਨ ਸ਼ੁਦਾਈਆਂ ਵਾਂਗੂ,
ਚੈਨ ਨਹੀਂ ਦਿਨ ਰਾਤੀ।

ਮਿਹਰ ਕਰੇ ਉਹ ਭੁੱਲਾਂ ਬਖਸ਼ੇ,
ਦੇਵੇ ਚਰਨ ਟਿਕਾਣਾ।

ਸੰਤੋਖ ਮਨ ਵਿਚ ਖੇੜਾ ਆਵੇ,
ਮਿਹਰਾਂ ਦੀ ਮਾਰੇ ਝਾਤੀ।

**ਸ੍ਵ. ਸੰਤ ਸੰਤੋਖ ਸਿੰਘ**

Please forward your e-mail Id.
at drjagirsingh@gmail.com


# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ

ਅੰਕ 8 ▯ ਸਾਲ ਇੱਕੀਵਾਂ ▯ ਅਗਸਤ 2009



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80G of Income-Tax Act, 1961 (43 of 1961) vide CIT - I / CHD / TECH / 80G / 2008 - 939 dated 19/05/2008 valid upto 31.03.2012



**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ.
ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ**

ਸੰਪਾਦਕ, 'ਅੰਮ੍ਰਿਤ ਕੀਰਤਨ'

422, ਸੈਕਟਰ 15-ਏ, ਚੰਡੀਗੜ੍ਹ 160 015

**ਫੋਨ** : 0172-2772660, 098140 53630

e-mail: drjagirsingh@gmail.com

Website: www.gurshabad.com



sohal specials
Computer Type Setting
Phone: 98788 23351
www.sohalspecials.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਐਸ.ਸੀ.ਐਫ. 112, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ — 4
*ਪਾਠਕਾਂ ਦੇ ਪੱਤਰ*

ਕਰਉ ਬੇਨੰਤੀਆ — 5
*ਸੰਪਾਦਕੀ*

ਗੁਰੂ ਗ੍ਰੰਥ ਸਾਹਿਬ ਦੀ ਸੰਗੀਤਕ ਮਹੱਤਤਾ — 6
*ਡਾ. ਜਾਗੀਰ ਸਿੰਘ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੀਦਾਰ — 10
*ਰਾਮ ਸਿੰਘ ਨਡਿਆਲੀ*

ਸੰਗੀਤ ਕਲਾ : ਇਕ ਵਿਵੇਚਨ — 18
*ਡਾ. ਹਰਮਿੰਦਰ ਕੌਰ*

Bhai Didar Singh A Sikh Musician Who Never Got His Due — 21
*Harjap Singh Aujla*

ਸੁਰ ਲਿਪੀ — 25
*ਸ੍ਵ. ਸੰਤ ਗੁਰਚਰਨ ਸਿੰਘ 'ਚੰਨੀ'*

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ — 26

## ਮਿਤ੍ਰ ਅਸਾਡੜੇ ਸੇਈ

'ਅੰਮ੍ਰਿਤ ਕੀਰਤਨ' ਦੇ ਸੰਗੀਤਕ ਤੇ ਸਾਹਿਤਕ ਮਿਆਰ ਦੇ ਉਚੇ ਪੱਧਰ ਲਈ ਤੇ ਇਸ ਦੀ ਪ੍ਰਕਾਸ਼ਨਾ ਵਿਚ ਲਗਾਤਾਰਤਾ ਬਣਾਈ ਰੱਖਣ ਲਈ ਆਪ ਜੀ ਨੂੰ ਮੁਬਾਰਕਬਾਦ। ਆਪ ਜੀ ਦੀ 'ਸੰਪਾਦਕੀ ਨਿਪੁੰਨਤਾ' ਹੇਠ 'ਅੰਮ੍ਰਿਤ ਕੀਰਤਨ' ਨਿੱਤ ਨਵੇਂ ਸਿਖਰ ਛੂਹੇ, ਅਜਿਹੀਆਂ ਮੇਰੀਆਂ ਸ਼ੁਭਕਾਮਨਾਵਾਂ ਹਨ।

ਸੁਰਪ੍ਰੀਤ ਕੌਰ
144/8, ਮੁਹੱਲਾ ਅਰੋੜਾ, ਸੈਫਾਬਾਦੀ ਗੇਟ, ਪਟਿਆਲਾ

'ਅੰਮ੍ਰਿਤ ਕੀਰਤਨ' ਦੇ ਜੂਨ ਅੰਕ ਵਿਚ ਹਰਜਾਪ ਸਿੰਘ ਹੋਰਾਂ ਦਾ ਗੁਰੂਘਰ ਦੇ ਕੀਰਤਨੀਏ ਭਾਈ ਸਮੁੰਦ ਸਿੰਘ ਜੀ ਬਾਰੇ ਲਿਖਿਆ ਲੇਖ ਪੜ੍ਹਿਆ। ਲੇਖ ਲੰਬਾ ਹੈ ਪਰ ਪੜ੍ਹਨ ਵੇਲੇ ਗੁਜ਼ਰਦੇ ਵਕਤ ਦਾ ਪਤਾ ਨਹੀਂ ਚੱਲਿਆ। ਲੇਖਕ ਨੇ ਪੂਰੀ ਇਕਾਗਰਤਾ ਅਤੇ ਅਪਣੱਤ ਨਾਲ ਲਿਖਿਆ ਹੈ। ਏਦਾਂ ਵਿਸਥਾਰ ਵਿਚ ਲਿਖਣ ਵਾਲੇ ਵਿਰਲੇ ਹੀ ਹਨ। ਜਿਵੇਂ ਜਿਵੇਂ ਸ਼ਬਦ ਦਰ ਸ਼ਬਦ ਮੈਂ ਅਗ੍ਹਾਂ ਵੱਧਦਾ ਗਿਆ, ਅਚੇਤ ਮਨ 'ਚ ਭਾਈ ਸਾਹਿਬ ਦੇ ਸ਼ਬਦਾਂ ਦੀ ਗੂੰਜ ਪਿੱਠ ਭੂਮੀ ਵਿਚ ਹੁੰਦੀ ਰਹੀ। ਅਜਿਹਾ ਜੋੜ ਮੇਲ ਕਦੇ ਕਦੇ ਹੁੰਦਾ ਹੈ। ਹਰਜਾਪ ਸਿੰਘ ਜੀ ਨੇ ਨਿੱਕੇ ਨਿੱਕੇ ਵੇਰਵਿਆਂ ਨੂੰ ਜਿਵੇਂ ਜੋੜਿਆ, ਲਿਖਿਆ ਹੈ, ਉਸ ਵਿਚੋਂ ਦੀ ਸਿੱਖ ਇਤਿਹਾਸ, ਸਿੱਖ ਸਮਾਜ, ਉਹਦੀ ਵਰਤੋਂ ਵਿਹਾਰ ਦੇ ਝਲਕਾਰੇ ਪਾਠਕ ਨੂੰ ਮਿਲ ਜਾਂਦੇ ਹਨ। ਏਦਾਂ ਇਹ ਲੇਖ ਇਕ ਪਰਤੀ ਨਹੀਂ ਰਹਿ ਜਾਂਦਾ।

ਇਸ ਤਰ੍ਹਾਂ ਦੇ ਲੇਖ/ਹਵਾਲੇ ਮਨ ਨੂੰ ਦੁਖੀ ਵੀ ਕਰ ਜਾਂਦੇ ਹਨ। ਉਚ ਤਕਨੀਕ ਵਾਲੇ ਅੱਜ ਦੇ ਯੁੱਗ ਵਿਚ 'ਪ੍ਰਮੁੱਖ ਸਿੱਖ ਸੰਸਥਾ' ਇਸ ਪੱਖ ਬਾਰੇ ਕਿਉਂ ਨਹੀਂ ਸੋਚਦੀ? ਗਾਏ ਸ਼ਬਦਾਂ, ਲਿਖੇ ਗਏ ਲੇਖਾਂ ਦੀ ਸੰਭਾਲ ਅਤੇ ਗੁਰਮਤਿ ਸੰਗੀਤ ਸਬੰਧੀ ਕੋਈ ਸੰਸਥਾ ਕਿਉਂ ਨਹੀਂ ਬਣਾਈ ਜਾਂਦੀ, ਜਿਥੋਂ ਇਹ ਸਭ ਕੁਝ ਜਨ ਸਾਧਾਰਨ ਨੂੰ ਪ੍ਰਾਪਤ ਹੋ ਸਕੇ।

ਹਰਜਾਪ ਸਿੰਘ ਜੀ ਦੀ ਸਮ੍ਰਿਤੀ ਵਿਚ ਹੋਰ ਵੀ ਗੱਲਾਂ ਹੋਣਗੀਆਂ, ਜਿਹੜੀਆਂ ਪੜ੍ਹਨ ਨੂੰ ਮਿਲਦੀਆਂ ਰਹਿਣਗੀਆਂ, ਸਾਡੇ ਜਿਹੇ ਸਧਾਰਨ ਪਾਠਕਾਂ ਨੂੰ।

ਜਗਤਾਰਜੀਤ
118-ਏ, ਪ੍ਰਤਾਪ ਨਗਰ, ਜੇਲ੍ਹ ਰੋਡ, ਨਵੀਂ ਦਿੱਲੀ

I have in my hand July issue of Amrit Kirtan. I am thankful to Late S.Harkishan Singh ji Dhupia for making me life long subscriber of this patrika. I learn a lot from every issue, as I go through it, word by word. Your article 'Guru Granth Sahib Di Sangeetak Mahatata' shows your deep insight of musical composition (Naad) based on wide studies done by you. Kindly accept my heart felt appreciation. Kindly keep up the good work. Another article in the same issue 'Gumat Sangeet Utsav' 6th March 2009 covered by S. Kartar Singh ji Neeladhari. If any person has live recording of this utsav, kindly be kind enough to give me his address or contact as I will like to have a copy.

Narinder Singh Batra

Congrats. This is wonderful compilation.May God bless u with health and strength to continue message of Guru Nanak.

j.s.chugh, drjc48@yahoo.com

Phone : (O) 011-23312440

Sawhney Cloth House

46, Shanker Market, Connaught Circus, New Delhi - 110 001

# ਸਚ ਪੁਰਾਣਾ ਨਾ ਥੀਐ

ਪਿੱਛੇ ਜਿਹੇ ਇੱਕ ਪੰਜਾਬੀ ਰਸਾਲੇ ਵਿੱਚ ਖਬਰ ਛਪੀ ਕਿ ਇੱਕ ਬਾਬਾ ਜੀ, ਜਿਹਨਾਂ ਦੀ ਦੇਸਾਂ ਵਿਦੇਸ਼ਾਂ ਵਿੱਚ ਕਾਫੀ ਮਾਨਤਾ ਹੈ- ਨੇ ਕਿਹਾ ਕਿ ਗੁਰਬਾਣੀ ਦੇ ਰਾਗ ਪੁਰਾਣੇ ਹੋ ਗਏ ਹਨ ਹੁਣ ਨਵੇਂ ਰਾਗਾਂ ਦੀ ਲੋੜ ਹੈ। ਇਹਨਾਂ ਬਾਬਾ ਜੀ ਨੂੰ ਮੈਂ ਨਿੱਜੀ ਤੌਰ ਤੇ ਜਾਣਦਾ ਹਾਂ। ਆਪ ਇੱਕ ਉਘੇ ਕੀਰਤਨੀ ਘਰਾਣੇ ਨਾਲ ਸੰਬੰਧ ਰਖਦੇ ਹਨ ਅਤੇ ਸੰਗੀਤ ਦੇ ਜਾਣੂ ਹਨ ਅਤੇ ਬੜਾ ਵਧੀਆ ਕੀਰਤਨ ਕਰਦੇ ਹਨ। ਪਰ ਸ਼ਾਇਦ ਬਹੁਤੀ ਸ਼ੁਹਰਤ ਅਤੇ ਬਹੁਤੀ ਮਾਨਤਾ ਜਾਂ ਮਾਇਆ ਦੀ ਆਸ ਕਰਕੇ ਬਾਬਾ ਜੀ ਬਣ ਗਏ ਹਨ। ਹੁਣ ਬਹੁਤਾ ਜ਼ੋਰ ਵਿਆਖਿਆ ਤੇ ਦਿੰਦੇ ਹਨ।

ਭਾਈ ਵੀਰ ਸਿੰਘ ਹੋਰਾਂ ਨੇ ਆਪਣੇ ਇੱਕ ਲੇਖ ਵਿੱਚ ਸਿਖ ਜਗਤ ਨੂੰ ਖਬਰਦਾਰ ਕੀਤਾ ਸੀ ਕਿ ਰਾਗੀਆਂ ਨੂੰ ਕੀਰਤਨ ਵਲ ਧਿਆਨ ਦੇਣਾ ਚਾਹੀਦਾ ਹੈ ਉਹਨਾਂ ਨੂੰ ਢਾਢੀ, ਕਥਾਕਾਰ ਜਾਂ ਕਵੀ ਬਣਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪਰ ਪਿਛਲੇ ਕੁਝ ਸਮੇਂ ਤੋਂ ਕੀਰਤਨ ਖੇਤਰ ਵਿਚ ਇਕ ਅਣਉਚਿਤਤਾ ਫੈਲ ਗਈ ਹੈ। ਕੁਝ ਰਾਗੀ ਜੱਥੇ ਕਥਾ ਕਾਰਕ ਅਤੇ ਜਿਹੜੇ ਕੀਰਤਨ ਨਹੀਂ ਜਾਣਦੇ ਕੀਰਤਨੀਏ ਬਣ ਕੇ, ਕੁਝ ਧਾਰਮਿਕ ਗੀਤ ਗਾ ਕੇ ਆਮ ਜਨਤਾ ਦਾ ਮਨ ਮੋਹੰਦੇ ਹਨ। ਇਸ ਨਾਲ ਉਹਨਾਂ ਦੀ ਪ੍ਰਸਿਧੀ ਹੁੰਦੀ ਹੈ ਤੇ ਮਾਨਤਾ ਵੀ ਹੁੰਦੀ ਹੈ ਅਤੇ ਮਾਇਆ ਵੀ ਵਧੇਰੀ ਮਿਲਦੀ ਹੈ। ਪਰ ਇਸ ਕਾਰਨ ਨਿਰੋਲ ਟਕਸਾਲੀ ਕੀਰਤਨ ਕਲਾ ਦਾ ਭਾਰੀ ਨੁਕਸਾਨ ਹੁੰਦਾ ਹੈ।

ਇਹੀ ਕਾਰਨ ਹੈ ਕਿ ਵਿਚਾਰ ਅਧੀਨ ਬਾਬਾ ਜੀ ਵਰਗੇ ਲੋਕ ਗੁਰਬਾਣੀ ਦੇ ਰਾਗਾਂ ਬਾਰੇ ਕਿੰਤੂ ਪਰੰਤੂ ਕਰਨ ਲੱਗ ਪੈਂਦੇ ਹਨ।

ਇਥੇ ਇਹ ਦੱਸਣਾ ਵਾਜਬ ਹੈ ਕਿ ਗੁਰਬਾਣੀ ਦੀ ਟਕਸਾਲੀ ਕੀਰਤਨ ਪਰੰਪਰਾ ਅਜੋਕੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਤੋ ਪੁਰਾਣੀ ਹੈ। ਅਜੋਕੀ ਹਿੰਦੁਸਤਾਨੀ ਗਾਇਨ ਸ਼ੈਲੀ ਰਾਜ ਦਰਬਾਰੀ ਸੰਗੀਤਕਾਰਾਂ ਦੀ ਸ਼ੈਲੀ ਤੇ ਆਧਾਰਤ ਹੈ ਜਦੋਂ ਕਿ ਗੁਰਬਾਣੀ ਦੀ ਗਾਇਨ-ਕੀਰਤਨ ਸ਼ੈਲੀ ਦਾ ਇਕ ਆਪਣਾ ਵਖਰਾ ਵਿਧੀ ਵਿਧਾਨ ਹੈ। ਕਿਸੇ ਸ਼ੁਹਰਤ ਜਾਂ ਮਾਇਆ ਦੇ ਲਾਲਚ ਕਾਰਨ ਇਸ ਵਿਧਾਨ ਤੇ ਕਿੰਤੂ-ਪਰੰਤੂ ਨਹੀਂ ਕਰਨਾ ਚਾਹੀਦਾ ਜੇ ਕੋਈ ਅਜਿਹਾ ਕਰਦਾ ਹੈ ਤਾਂ ਸਿਦਕੀ ਸਿਖਾਂ ਦਾ ਫਰਜ਼ ਬਣਦਾ ਹੈ ਕਿ ਉਹ ਅਜਿਹਾ ਕੁਝ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰਨ।

ਗੁਰਬਾਣੀ ਦੇ ਰਾਗ ਸੱਚੇ ਰਾਗ ਹਨ ਅਤੇ ਸੱਚ ਕਦੀ ਪੁਰਾਣਾ ਨਹੀਂ ਹੁੰਦਾ।

# ਗੁਰੂ ਗ੍ਰੰਥ ਸਾਹਿਬ ਦੀ ਸੰਗੀਤਕ ਮਹੱਤਤਾ

ਡਾ ਜਾਗੀਰ ਸਿੰਘ

*ਲੜੀ ਜੋੜਨ ਲਈ ਦੇਖੋ ਪਿਛਲਾ ਅੰਕ*

ਗੁਰੂ ਸਾਹਿਬਾਨ ਦੇ ਵੇਲੇ ਦੇ ਰਾਗਾਂ ਦੇ ਬਹੁਤੇ ਭਾਵ ਚਿਤਰ ਜਾਂ ਧਿਆਨ ਸ਼ਿੰਗਾਰ ਰਸੀ ਭਾਵਾਂ ਦੀ ਅਨੁਭੂਤੀ ਕਰਾਉਂਦੇ ਸਨ ਕਿਉਂਕਿ ਬਹੁਤੇ ਸੰਗੀਤਕਾਰ ਰਾਜਿਆਂ ਮਹਾਰਾਜਿਆਂ ਦੇ ਆਸਰੇ ਤੇ ਰਹਿੰਦੇ ਸਨ ਇਸ ਲਈ ਉਨ੍ਹਾਂ ਦਾ ਮੁੱਖ ਮੰਤਵ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਨਾ ਸੀ। ਪਰ ਗੁਰੂ ਸਾਹਿਬਾਨ ਦੇ ਸਰੋਤੇ ਨਾ ਤਾਂ ਰਾਜੇ ਮਹਾਰਾਜੇ ਸਨ ਅਤੇ ਨਾ ਹੀ ਉਹ ਰਾਗਾਂ ਰਾਹੀਂ ਆਪਣੇ ਸਰੋਤਿਆਂ ਨੂੰ ਕੇਵਲ ਆਨੰਦ ਦੇਣਾ ਚਾਹੁੰਦੇ ਸਨ। ਉਹ ਤਾਂ ਆਮ ਜਨਤਾ ਦੀ ਅਗਵਾਈ ਕਰਨਾ ਲੋੜਦੇ ਸਨ। ਇਸ ਲਈ ਉਨ੍ਹਾਂ ਨੇ ਰਾਗਾਂ ਨੂੰ ਵਿਲਾਸੀ ਵਾਤਾਵਰਣ ਨਾਲੋਂ ਮੁਕਤ ਕਰਕੇ ਉਨ੍ਹਾਂ ਦਾ ਪ੍ਰਯੋਗ ਕੀਤਾ ਅਤੇ ਇਸ ਸੰਬੰਧ ਵਿਚ ਸਪਸ਼ਟ ਨਿਰਦੇਸ਼ ਵੀ ਦਿੱਤੇ। ਕੁਝ ਰਾਗਾਂ ਦਾ ਤੁਲਨਾਮਿਕ ਅਧਿਐਨ ਕਰਨਾ ਅਣਉਚਿਤ ਨਹੀਂ ਹੋਵੇਗਾ :-

*ਸਿਰੀ ਰਾਗ*

ਇਸ ਰਾਗ ਦਾ ਭਾਵ ਚਿਤਰ ਬਿਆਨ ਕਰਦਿਆਂ ਸੰਗੀਤ ਦਰਪਣ[27] ਵਿਚ ਦੱਸਿਆ ਗਿਆ ਹੈ, ਜਿਸ ਦੀ ਉਮਰ ਅਠਾਰਾਂ ਸਾਲਾਂ ਦੀ ਹੈ। ਕਾਮਦੇਵ ਵਰਗੀ ਜਿਸਦੀ ਸੂਰਤ ਹੈ ਜੋ ਧੀਰ ਹੈ ਅਤੇ ਜਿਸਨੇ ਕੋਮਲ ਫੁੱਲਾਂ ਦੇ ਗਹਿਣੇ ਪਾਏ ਹੋਏ ਹਨ। ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਬਾਰੇ ਆਦੇਸ਼ ਦਿੱਤਾ ਹੈ :

*ਰਾਗਾਂ ਵਿਚਿ ਸ੍ਰੀ ਰਾਗ*
*ਜੇ ਸਚਿ ਧਰੇ ਪਿਆਰੁ॥*
*ਸਦਾ ਹਰਿ ਸਚੁ ਮਨਿ ਵਸੈ*
*ਨਿਹਚਲ ਮਤਿ ਅਪਾਰੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83)

*ਰਾਗ ਗਉੜੀ*

ਇਸ ਰਾਗ ਬਾਰੇ ਰਾਗ ਵਿਬੋਧ[28] ਵਿਚ ਦੱਸਿਆ ਹੈ ਕਿ ਇਹ ਗੋਰੇ ਰੰਗ ਵਾਲੀ ਅਤੇ ਕਮਲ ਵਰਗੀਆਂ ਅੱਖਾਂ ਵਾਲੀ ਹੈ। ਇਸਨੇ ਦੁੱਧ ਦੇ ਸਮੁੰਦਰ ਵਰਗੇ ਸਫੈਦ ਬਸਤਰ ਪਾਏ ਹੋਏ ਹਨ। ਇਸ ਦੀ ਸੁਭਾਵਕ ਸੁੰਦਰ ਹਾਸੀ ਹੈ ਅਤੇ ਲੰਮੀਆਂ ਲੰਮੀਆਂ ਬਾਹਵਾਂ ਪਰ ਗੁਰੂ ਸਾਹਿਬ ਗ੍ਰੰਥ ਸਾਹਿਬ ਵਿਚ ਇਸ ਰਾਗ ਬਾਰੇ ਉਚਾਰਿਆ ਹੈ : -

*ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥*
*ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 311)

*ਰਾਗ ਗੂਜਰੀ*

ਇਸ ਰਾਗ ਨੂੰ ਨਾਇਕਾ ਦਸਦਿਆਂ ਕਿਹਾ ਹੈ ਕਿ ਇਸ ਨੇ ਬਾਰਾਂ ਰੰਗਾਂ ਬਸਤਰ ਧਾਰਨ ਕੀਤੇ ਹੋਏ ਹਨ। ਪੀਲੇ ਰੰਗ ਦੀ ਚੋਲੀ ਅਤੇ ਸੁਨਹਿਰੀ ਬੂਟੀਦਾਰ ਸੁਰੰਗੀ ਸਾੜ੍ਹੀ ਪਹਿਨੀ ਹੋਈ ਸਜੇ ਹੋਏ ਪਲੰਘ ਤੇ ਇਕੱਲੀ ਬੈਠੀ ਬੇਹਾਲ ਵੀਣਾ-ਵਾਦਨ ਕਰ ਰਹੀ ਹੈ। ਇਹ ਪਰਮ ਸੁੰਦਰੀ ਅਤਿਅੰਤ ਪਤਲੀ ਕਮਰ ਵਾਲੀ ਯੌਵਨ ਰਸ ਨਾਲ ਭਰਪੂਰ, ਕੋਇਲ ਵਾਂਗ ਮਿਠ-ਬੋਲੜੀ ਤਾਲ ਨਾਲ ਗਾਉਣ ਵਿਚ ਪ੍ਰਵੀਣ[29] ਹੈ। ਪਰ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਬਾਰੇ ਲਿਖਿਆ ਹੈ :

*ਗੂਜਰੀ ਜਾਤਿ ਗਵਾਰਿ*
*ਜਾ ਸਹੁ ਪਾਏ ਆਪਣਾ॥*
*ਗੁਰ ਕੈ ਸਬਦਿ ਵੀਚਾਰਿ*
*ਅਨਦਿਨੁ ਹਰਿ ਜਪੁ ਜਾਪਣਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)

*ਸੋਰਠ ਰਾਗ*

ਇਸ ਨੂੰ ਰਾਗਣੀ ਦਸਦਿਆਂ ਸੰਗੀਤ ਦਰਪਣ[30] ਵਿਚ ਲਿਖਿਆ ਹੈ ਜਿਸ ਨੇ ਉਚੇ ਅਤੇ ਪੁਸ਼ਟ ਸਤਨਾਂ ਤੇ ਸੁੰਦਰ ਹਾਰ ਪਹਿਨੇ ਹੋਏ ਹਨ ਅਤੇ ਜਿਸਦਾ ਚਿਤ, ਕੰਨ ਵਿਚ ਪਾਏ ਹੋਏ ਕੌਂਪਲ ਦੇ ਆਸ ਪਾਸ ਗੂੰਜਣ ਵਾਲੇ ਭਉਰੇ ਦੀ ਆਵਾਜ਼ ਤੋਂ ਉਚਾਟ ਹੋ ਰਿਹਾ ਹੈ। ਜਿਸਦੀ ਬਾਂਹ ਸ਼ਿਥਿਲ ਹੋ ਗਈ ਹੈ ਅਤੇ ਜਿਹੜੀ ਆਪਣੇ ਪ੍ਰੀਤਮ ਕੋਲ ਜਾ ਰਹੀ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਹੀਂ ਨਾਮ ਦਾ ਰਸ ਪੀਣ ਦੀ ਗੱਲ

ਕੀਤੀ ਹੈ :

*ਸੋਰਠਿ ਸੋ ਰਸੁ ਪੀਜੀਐ*
*ਕਬਹੂ ਨ ਫੀਕਾ ਹੋਇ॥*
*ਨਾਨਕ ਰਾਮ ਨਾਮ ਗੁਨ ਗਾਈਅਹਿ*
*ਦਰਗਹ ਨਿਰਮਲ ਸੋਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1425)

*ਰਾਗ ਧਨਾਸਰੀ*

ਰਾਗ ਵਿਬੋਧ[31] ਵਿਚ ਇਸ ਰਾਗ ਦੇ ਸਰੂਪ ਦਾ ਜਿਹੜਾ ਬਿਆਨ ਕੀਤਾ ਗਿਆ ਹੈ ਉਹ ਇਤਨਾ ਸ਼ਿੰਗਾਰਕ ਹੈ ਕਿ ਕਈ ਥਾਵਾਂ ਤੇ ਉਹ ਅਸ਼ਲੀਲ ਵੀ ਹੋ ਜਾਂਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਦਾ ਪ੍ਰਯੋਜਨ 'ਸਤਿਗੁਰ ਕੀ ਕਾਰ' ਨਾਲ ਸੰਬੰਧਤ ਕਰ ਦਿੱਤਾ ਹੈ :

*ਧਨਾਸਰੀ ਧਨਵੰਤੀ ਜਾਣੀਐ*
*ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥*
*ਤਨ ਮਨੁ ਸਉਪੇ ਜੀਅ ਸਉ*
*ਭਾਈ ਲਏ ਹੁਕਮਿ ਫਿਰਾਉ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419)

*ਰਾਗ ਬਿਲਾਵਲ*

ਸੰਗੀਤ ਦਰਪਣ[32] ਵਿਚ ਇਸ ਨੂੰ ਰਾਗਣੀ ਦੱਸਿਆ ਹੈ ਅਤੇ ਇਸ ਬਾਰੇ ਲਿਖਿਆ ਹੈ, ਆਪਣੇ ਪ੍ਰੀਤਮ ਨੂੰ ਮਿਲਣ ਲਈ ਨਿਸ਼ਚਤ ਸਥਾਨ ਨੂੰ ਜਿਸ ਨੇ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਹੈ। ਜਿਸ ਨੇ ਆਪਣੇ ਸਰੀਰ ਤੇ ਕਈ ਤਰ੍ਹਾਂ ਦੇ ਗਹਿਣੇ ਸਜਾਏ ਹੋਏ ਹਨ ਅਤੇ ਜਿਹੜੀ ਬਾਰ ਬਾਰ ਆਪਣੇ ਇਸ਼ਟ ਕਾਮਦੇਵ ਦਾ ਧਿਆਨ ਧਰਦੀ ਹੈ। ਜਿਸ ਦਾ ਰੰਗ ਕਮਲ ਵਾਂਗੂ ਹੈ।ਪਰ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗ ਨੂੰ ਗੁਰੂ ਦੇ ਉਪਦੇਸ਼ ਲਈ ਪ੍ਰਯੋਗ ਕੀਤਾ ਹੈ:

*ਹਰਿ ਉਤਮੁ ਹਰਿ ਪ੍ਰਭੁ ਗਾਵਿਆ*
*ਕਰਿ ਨਾਦੁ ਬਿਲਾਵਲੁ ਰਾਗੁ॥*
*ਉਪਦੇਸ ਗੁਰੂ ਸੁਣਿ ਮੰਨਿਆ*
*ਧੁਰਿ ਮਸਤਕਿ ਪੂਰਾ ਭਾਗੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

*ਰਾਗ ਰਾਮਕਲੀ*

ਚਿਤਰਕਾਰਾਂ ਨੇ ਇਸ ਰਾਗਨੀ ਦਾ ਚਿਤਰ ਇਸ ਤਰ੍ਹਾਂ ਬਣਾਇਆ ਹੈ-ਕੇਸਰੀ ਪੁਸ਼ਾਕ ਧਾਰਨ ਕਰਕੇ ਇਹ ਨਾਇਕਾ ਆਪਣੇ ਪ੍ਰੀਤਮ ਦੇ ਸਾਹਮਣੇ ਸੇਜ ਤੇ ਬੈਠੀ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਬਾਰੇ ਉਚਾਰਿਆ ਹੈ:

*ਰਾਮਕਲੀ ਰਾਮੁ ਮਨਿ ਵਸਿਆ*
*ਤਾ ਬਨਿਆ ਸੀਗਾਰੁ॥*
*ਗੁਰ ਕੈ ਸਬਦਿ ਕਮਲੁ ਬਿਗਸਿਆ*
*ਤਾ ਸਉਪਿਆ ਭਗਤਿ ਭੰਡਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 950)

ਇਸ ਤਰ੍ਹਾਂ ਕਈ ਹੋਰ ਰਾਗਾਂ ਦੇ ਵਰਣਨ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਨੇ ਰਾਗਾਂ ਦਾ ਪ੍ਰਯੋਗ ਆਪਣੇ ਪ੍ਰਯੋਜਨ ਲਈ ਵਿਸ਼ੇਸ਼ ਢੰਗ ਨਾਲ ਕੀਤਾ ਹੈ। ਉਹਨਾਂ ਸਭ ਰਾਗਾਂ ਬਾਰੇ ਦੱਸਿਆ ਹੈ:

*ਸਭਨਾ ਰਾਗਾਂ ਵਿਚਿ ਸੋ ਭਲਾ ਭਾਈ*
*ਜਿਤੁ ਵਸਿਆ ਮਨਿ ਆਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1450)

ਉਹਨਾਂ ਨੇ ਉਹ ਰਾਗ ਧੰਨ ਕਹੇ ਹਨ ਜਿਹੜੇ ਮਨੁੱਖ ਦੀਆਂ ਤ੍ਰਿਸ਼ਨਾਵਾਂ ਨੂੰ ਸ਼ਾਂਤ ਕਰਨ ਵਿਚ ਸਹਾਇਕ ਹਨ।

*ਧੰਨ ਸੁ ਰਾਗ ਸੁਰੰਗੜੇ ਆਲਾਪਤ*
*ਸਭ ਤਿਖ ਜਾਇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)

ਜਿਵੇਂ ਕਿ ਅਸੀਂ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਮੰਤਵ ਆਮ ਸਰੋਤਿਆਂ ਤਕ ਆਪਣੇ ਵਿਚਾਰ ਪੁਹੰਚਾਉਣ ਦਾ ਸੀ ਨਾ ਕਿ ਉਸ ਵੇਲੇ ਦੀਆਂ ਸ਼ਾਹੀ ਮਹਿਫਲਾਂ ਦੇ ਸੰਗੀਤਕਾਰਾਂ ਵਾਂਗ ਚਮਤਕਾਰ ਵਿਖਾ ਕੇ ਆਪਣੀ ਕਲਾ ਦਾ ਰੋਹਬ ਪਾਉਣ ਦਾ। ਇਸ ਲਈ ਉਹਨਾਂ ਨੇ ਆਪਣੀ ਬਾਣੀ ਨੂੰ ਬਿਖੜੇ ਤਾਲਾਂ ਦੀ ਥਾਂ ਤੇ ਸਧਾਰਨ ਧੁਨਾਂ ਤੇ ਗਾਉਂਣ ਲਈ ਨੀਯਤ ਕੀਤਾ। ਅਚਾਰਿਆ ਬ੍ਰਹਸਪਤੀ[34] ਨੇ ਠੀਕ ਹੀ ਲਿਖਿਆ ਹੈ ਕਿ ਭਗਤ ਕਵੀਆਂ ਦਾ ਮੰਤਵ ਆਪਣੇ ਅਨੁਭਵ ਨੂੰ ਜਿਵੇਂ ਤਿਵੇਂ ਪ੍ਰਗਟ ਕਰਕੇ ਸੁਹਿਰਦਾਂ ਨੂੰ ਉਸਦਾ ਅਨੁਭਵ ਕਰਾ ਦੇਣਾ ਹੁੰਦਾ ਹੈ, ਗਾਇਕ ਦਾ ਪ੍ਰਯੋਜਨ ਵੀ ਠੀਕ ਇਹੋ ਹੋਣਾ ਚਾਹੀਦਾ ਹੈ।

ਜਿਹੜੇ ਕਵੀ 'ਭਾਵ' ਦੀ ਚਿੰਤਾ ਨਾ ਕਰਕੇ ਅਨੁਪ੍ਰਾਸ ਜਾਂ ਉਪਮਾ-ਰੂਪਕ ਨੂੰ ਹੀ ਆਪਣਾ ਲਕਸ਼

ਮੰਨ ਬਹਿੰਦੇ ਹਨ ਉਨ੍ਹਾਂ ਦੀ ਗਿਣਤੀ ਮਹਾਂ ਕਵੀਆਂ ਵਿਚ ਕਦੀ ਨਹੀਂ ਹੁੰਦੀ, ਉਹ ਲੋਕ ਹਿਰਦੇ ਦੇ ਪ੍ਰਤੀਨਿਧ ਕਦੀ ਨਹੀਂ ਹੁੰਦੇ। ਇਸੇ ਤਰ੍ਹਾਂ ਜਿਹੜੇ ਗਾਇਕ ਤਾਨਾਂ ਪਲਟਿਆਂ, ਅਲੰਕਾਰ ਜਾ ਲੈਅਕਾਰੀ ਦੇ ਚੱਕਰ ਵਿਚ ਪਏ ਰਹਿੰਦੇ ਹਨ ਉਹ ਆਪਣੇ ਅਭਿਆਸ ਨਾਲ ਸਰੋਤਿਆਂ ਨੂੰ ਚੱਕਰ ਵਿਚ ਭਾਵੇਂ ਪਾ ਲੈਣ ਪਰ ਆਨੰਦਤ ਨਹੀਂ ਕਰ ਸਕਦੇ।

ਗੁਰੂ ਸਾਹਿਬਾਨ ਦਾ ਮੰਤਵ ਸਰੋਤਿਆਂ ਨੂੰ ਚਕਰ ਵਿਚ ਪਾਉਣਾ ਨਹੀਂ ਸੀ ਅਤੇ ਨਾ ਹੀ ਉਹ ਆਪਣੀ ਬਾਣੀ ਦਾ ਇਸ ਲਈ ਪ੍ਰਯੋਗ ਕੀਤੇ ਜਾਣ ਦੇ ਹੱਕ ਵਿਚ ਸਨ। ਇਸੇ ਲਈ ਉਹਨਾਂ ਥਾਂ ਪਰ ਥਾਂ ਆਪਣੀ ਬਾਣੀ ਨੂੰ ਲੋਕ ਧੁਨਾਂ ਵਿਚ ਗਾਉਣ ਦਾ ਆਦੇਸ਼ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਰਾਗਾਂ ਦੇ ਨਾਲ ਨਾਲ ਲੋਕ ਕਾਵਿ ਰੂਪਾਂ ਦੀਆਂ ਧੁਨਾਂ ਦੇ ਨਿਰਦੇਸ਼ ਵੀ ਸਪਸ਼ਟ ਰੂਪ ਵਿਚ ਦਰਜ ਹੋਏ ਹਨ। ਰਾਗ ਦੇ ਨਾਲ ਨਾਲ ਗੁਰੂ ਸਾਹਬਿਾਨ ਬਾਣੀ ਨੂੰ ਗਾਇਨ ਕਰਨ ਦੀ ਸ਼ੈਲੀ ਅਰਥਾਤ ਧਾਰਨਾ ਤੋਂ ਵੀ ਸੁਚੇਤ ਸਨ। ਭਾਈ ਵੀਰ ਸਿੰਘ ਜੀ ਲਿਖਦੇ ਹਨ, ਧਾਰਨਾ ਵੱਲ ਪੰਜਵੇਂ ਗੁਰੂ ਜੀ ਦਾ ਵਿਸ਼ੇਸ਼ ਧਿਆਨ ਇਸ ਲਈ ਸੀ ਕਿ ਸ਼ਬਦ ਰਾਗ ਦੀ ਐਸੀ ਤਰਜ਼ ਵਿਚ ਗਾਂਵਿਆ ਜਾਵੇ ਕਿ ਜਿਸ ਤਰਜ਼ ਵਿਚ ਸੰਗੀਤਕ ਕਾਇਦਿਆਂ ਅਨੁਸਾਰ ਉਹ ਭਾਵ ਪੈਦਾ ਕਰ ਦੇਣ ਦੀ ਰਚਨਾ ਦੇ ਅਰਥ ਭਾਵ ਵਿਚ ਤਾਸੀਰ ਹੈ ਅਰਥਾਤ ਸ਼ਬਦਾਂ ਦਾ ਅਰਥ ਭਾਵ ਤੋਂ ਧਾਰਨਾਂ ਦਾ ਸੰਗੀਤਕ ਅਸਰ ਦਿਲ ਪਰ ਇਕੋ ਕਿਸਮ ਦਾ ਵਲਵਲਾ ਪੈਦਾ ਕਰਨ।[35]

ਸਾਰਾ ਗੁਰੂ ਕਾਵਿ ਸਰੋਤਾ ਮੁਖ ਹੈ। ਇਹ ਕਿਸੇ ਨਾ ਕਿਸੇ ਸੰਦਰਭ ਵਿਚ ਉਚਾਰਿਆ ਗਿਆ ਹੈ। ਗੁਰੂ ਕਾਵਿ ਦਾ ਬਹੁਤਾ ਹਿੱਸਾ ਗੀਤਮਈ ਸ਼ੈਲੀ ਦਾ ਧਾਰਨੀ ਹੈ। ਇਸ ਸ਼ੈਲੀ ਵਿਚ ਸਥਾਈ ਅਤੇ ਅੰਤਰੇ ਦਾ ਸੁਮੇਲ ਹੁੰਦਾ ਹੈ। ਸਥਾਈ ਦਾ ਬਾਰ ਬਾਰ ਗਾਇਨ ਕੀਤਾ ਜਾਂਦਾ ਹੈ। ਸਥਾਈ ਦੀਆਂ ਤੁਕਾਂ ਨੂੰ 'ਰਹਾਉ' (ਕਿਹਾ ਜਾਂਦਾ ਹੈ)। ਇਹਨਾਂ ਰਹਾਉ ਦੀਆਂ ਤੁਕਾਂ ਵਿੱਚ ਪੂਰੀ ਰਚਨਾ ਦਾ ਕੇਂਦਰੀ ਭਾਵ ਸਥਿਤ ਹੁੰਦਾ ਹੈ। ਪ੍ਰੋ. ਤਾਰਾ ਸਿੰਘ[36] ਅਨੁਸਾਰ, ਗੁਰਮਤਿ ਸੰਗੀਤ ਪੱਧਤੀ ਦੀ ਗਾਇਨ ਪਰੰਪਰਾ ਵਿੱਚ ਸ਼ਬਦ ਦੀ ਆਧਾਰਸ਼ਿਲਾ 'ਰਹਾਉ' ਦੀ ਤੁੱਕ ਹੈ। ਰਹਾਉ ਦਾ ਅਰਥ ਹੈ ਟੇਕ, ਧਾਰਨਾ ਜਾਂ ਸਥਾਈ। ਹਰ ਸ਼ਬਦ ਦਾ ਆਰੰਭ ਰਹਾਉ ਤੋਂ ਕੀਤਾ ਜਾਂਦਾ ਹੈ, ਕਿਉਂ ਜੋ ਸਾਰੇ ਸ਼ਬਦ ਦਾ ਸਿਧਾਂਤ ਅਤੇ ਕੇਂਦਰੀ ਖਿਆਲ ਇਸੇ ਤੁਕ ਵਿੱਚ ਹੁੰਦਾ ਹੈ ਅਤੇ ਬਾਕੀ ਤੁੱਕਾਂ ਵਿੱਚ ਉਸ ਦੀ ਵਿਆਖਿਆ। ਜਿਥੇ ਕਿਤੇ ਪਹਿਲੇ ਰਹਾਉ ਨਾਲੋਂ ਖਿਆਲਾਂ ਵਿੱਚ ਪਲਟਾ ਆਉਂਦਾ ਹੈ ਤਾਂ ਗੁਰੂ ਸਾਹਿਬਾਨ ਨੇ ਰਹਾਉ ਦੂਜਾ, ਰਹਾਉ ਤੀਜਾ ਆਦਿ ਵੀ ਵਰਤਿਆ ਹੈ। ਉਦਾਹਰਣ ਵਜੋਂ:

*ਅਛਲ ਛਲਾਈ ਨਹ ਛਲੈ*
*ਨਹ ਘਾਉ ਕਟਾਰਾ ਕਰਿ ਸਕੈ॥*
*ਜਿਉ ਸਾਹਿਬੁ ਰਾਖੈ ਤਿਉ ਰਹੈ*
*ਇਸੁ ਲੋਭੀ ਕਾ ਜੀਉ ਟਲ ਪਲੈ॥1॥*
*ਬਿਨੁ ਤੇਲ ਦੀਵਾ ਕਿਉ ਜਲੈ॥ 1॥ਰਹਾਉ ॥*
*ਪੋਥੀ ਪੁਰਾਣ ਕਮਾਈਐ॥*
*ਭਉ ਵਟੀ ਇਤੁ ਤਨਿ ਪਾਈਐ॥*
*ਸਚੁ ਬੂਝਣੁ ਆਣਿ ਜਲਾਈਐ॥2॥*
*ਇਹੁ ਤੇਲੁ ਦੀਵਾ ਇਉ ਜਲੈ॥*
*ਕਰਿ ਚਾਨਣੁ ਸਾਹਿਬ ਤਉ ਮਿਲੈ॥ 1॥ਰਹਾਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 25)

ਗੁਰਮਤਿ ਗਾਇਕੀ ਦੀ ਤਕਨੀਕ ਅਨੁਸਾਰ ਇਸ ਸ਼ਬਦ ਦਾ ਮੁਖੜਾ ਰਹਾਉ ਵਾਲੀ ਤੁਕ "ਬਿਨ ਤੇਲੁ ਦੀਵਾ ਕਿਉ ਜਲੇ।" ਤੋਂ ਆਰੰਭ ਹੁੰਦਾ ਹੈ। ਸ਼ਬਦ ਦੇ ਮੁੱਢ ਵਿੱਚ ਮਾਨਸਿਕ ਅਵਸਥਾ ਤੇ ਦੂਜੀ ਤੁਕ ਵਿੱਚ ਇਸਦਾ ਹਲ ਦਸਕੇ ਰਹਾਉ ਵਿੱਚ ਵੀ ਪਲਟਾ ਆਇਆ ਹੈ। ਸਾਹਿਬ ਫੁਰਮਾਉਂਦੇ ਹਨ, ਇਹ ਤੇਲੁ ਦੀਵਾ ਇਉ ਜਲੈ। ਕਰਿ ਚਾਨਣੁ ਸਾਹਿਬ ਤਉ ਮਿਲੇ।

ਰਹਾਉ ਦੀ ਤੁਕ ਦਾ ਗਾਇਨ ਬਾਰ ਬਾਰ ਕੀਤਾ ਜਾਂਦਾ ਹੈ। ਇਸ ਲਈ ਗੁਰੂ ਸਾਹਿਬਾਨ ਆਮ ਤੌਰ ਤੇ ਇਹਨਾਂ ਤੁਕਾਂ ਵਿੱਚ ਸਰੋਤਿਆਂ ਨੂੰ ਸੰਬੋਧਨ ਕਰਕੇ ਉਹਨਾਂ ਦਾ ਧਿਆਨ ਗੁਰਬਾਣੀ ਵੱਲ ਕੇਂਦਰਿਤ ਕਰਨ ਦਾ ਉਪਰਾਲਾ ਵੀ ਕਰਦੇ ਹਨ। ਗੁਰੂ ਸਾਹਿਬਾਨ ਨੇ ਬਹੁਤ ਸਾਰੇ ਸੰਬੋਧਨਾਂ ਨੂੰ ਪ੍ਰਮੁਖ ਰੂਪ ਵਿੱਚ ਅਪਣਾਇਆ ਹੈ :

*ਬਾਬਾ ਮਾਇਆ ਰਚਨਾ ਧੋਹੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 15)

*ਭਾਈ ਰੇ ਸੰਤ ਜਨਾ ਕੀ ਰੇਣੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 18)

*ਮੁੰਧੇ ਪਿਰ ਬਿਨੁ ਕਿਆ ਸੀਗਾਰ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 18)

*ਮੂੜੇ ਰਾਮ ਜਪਹੁ ਗੁਣ ਸਾਰਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 19)

*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉਹੁਲਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 23)

*ਅੰਧੇ ਤੂ ਬੈਠਾ ਕੰਧੀ ਪਾਹਿ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 43)

ਇਸ ਤਰ੍ਹਾਂ ਇਕੱਲੇ ਸਿਰੀ ਰਾਗ ਵਿੱਚ ਹੀ ਮਨ ਮੇਰੇ, ਮਨ ਰੇ ਆਦਿ ਹੋਰ ਅਨੇਕਾਂ ਸੰਬੋਧਨਮਈ ਰਹਾਉ ਦੀਆਂ ਤੁਕਾਂ ਆਈਆ ਹਨ।

ਗੁਰ ਗ੍ਰੰਥ ਸਾਹਿਬ ਦੀ ਬਾਣੀ ਪ੍ਰਯੋਜਨ-ਮੁਖ ਹੈ। ਇਸ ਲਈ ਵਿਚਲੇ ਸੰਗੀਤ ਨੂੰ ਨਿਸਚਿਤ ਕਰਨ ਲਈ ਨਿਭਾਉ ਸੰਦਰਭ ਦਾ ਬੜਾ ਅਹਿਮ ਸਥਾਨ ਹੈ। ਨਿਭਾਉ ਸੰਦਰਭ ਵਿੱਚ ਸਰੋਤਾ, ਸਮਾਂ ਤੇ ਸਥਾਨ ਇਸ ਦੇ ਮੁੱਖ ਅੰਗ ਹੁੰਦੇ ਹਨ। ਸੰਗੀਤ ਦੀ ਸੰਰਚਨਾ ਕੇਵਲ ਸਿਰਜਕ ਤੇ ਨਿਰਭਰ ਨਹੀਂ ਕਰਦੀ ਸਗੋਂ ਸਰੋਤੇ ਦੀ ਮਾਨਸਿਕਤਾ ਵੀ ਇਹ ਸਰੂਪ ਨਿਸਚਿਤ ਕਰਨ ਵਿੱਚ ਕਾਫੀ ਹਿੱਸਾ ਪਾਉਂਦੀ ਹੈ।[35] ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਇਕੱਲਾ ਨਹੀਂ ਸਗੋਂ ਇਸ ਨਾਲ ਕਾਵਿ ਵੀ ਹੈ ਅਤੇ ਕਾਵਿ ਵੀ ਪ੍ਰਯੋਜਨ ਮੁੱਖ ਜਿਹੜਾ ਆਮ ਕਰਕੇ ਸਰੋਤੇ ਨੂੰ ਸੰਬੋਧਿਤ ਕਰਕੇ ਰਚਿਆ ਗਿਆ । ਇਸ ਲਈ ਗੁਰਬਾਣੀ ਵਿੱਚ ਅਨੇਕਾਂ ਅਜਿਹੇ ਹਵਾਲੇ ਮਿਲਦੇ ਹਨ ਜਿਹਨਾਂ ਵਿੱਚ ਸਰੋਤੇ ਨੂੰ ਗੁਰਬਾਣੀ ਗਾਇਨ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ:.- :

*ਆਉ ਜੀ ਤੂ ਆਉ ਹਮਾਰੈ*
*ਹਰਿ ਜਸੁ ਸ੍ਰਵਣ ਸੁਨਾਵਨਾ॥*
*ਤੁਧੁ ਆਵਤ ਮੇਰਾ ਮਨੁ ਤਨੁ ਹਰਿਆ*
*ਹਰਿ ਜਸੁ ਤੁਮ ਸੰਗਿ ਗਾਵਨਾ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1018)

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ॥*
*ਬਾਣੀ ਤ ਗਾਵਹੁ ਗੁਰੂ ਕੇਰੀ*
*ਬਾਣੀਆ ਸਿਰਿ ਬਾਣੀ॥*

(ਗੁਰੂ ਗ੍ਰੰਥ ਸਾਹਿਬ, ਪੰਨਾ 920)

*ਗੁਰਬਾਣੀ ਗਾਵਹੁ ਭਾਈ॥*
*ਓਹ ਸਫਲ ਸਦਾ ਸੁਖਦਾਈ॥*

(ਗੁਰੂ ਗ੍ਰੰਥ ਸਾਹਿਬ, ਪੰਨਾ 628-29)

ਗੁਰੂ ਗ੍ਰੰਥ ਸਾਹਿਬ ਵਿੱਚ ਗੁਰਬਾਣੀ ਗਾਇਨ ਕਰਨ ਦੀ ਮਹੱਤਤਾ ਬਾਰੇ ਅਨੇਕਾਂ ਹਵਾਲੇ ਦਰਜ ਹਨ:

*ਮਾਈ ਜੋ ਪ੍ਰਭ ਕੇ ਗੁਨ ਗਾਵੈ॥*
*ਸਫਲ ਆਇਆ ਜੀਵਨ ਫਲੁ*
*ਤਾ ਕੌ ਪਾਰਬ੍ਰਹਮ ਲਿਵ ਲਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 531)

*ਸਹਜੇ ਮਾਤਾ ਸਦਾ ਰੰਗਿ ਰਾਤਾ*
*ਸਾਚੇ ਕੇ ਗੁਣ ਗਾਵੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 634)

*ਸਚੀ ਬਾਣੀ ਹਰਿ ਗੁਣ ਗਾਵੈ*
*ਨਦਰੀ ਨਦਰਿ ਨਿਹਾਲ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600)

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਸੰਗੀਤ ਦਾ ਬਹੁਤ ਮਹਤੱਵਪੂਰਨ ਸਥਾਨ ਪ੍ਰਾਪਤ ਹੈ। ਗੁਰਬਾਣੀ ਦੇ ਮਰਮ ਨੂੰ ਸਮਝਣ, ਗਾਇਨ ਕਰਨ ਅਤੇ ਸੁਣਨ ਸਮੇਂ ਆਨੰਦ ਮਾਣਨ ਲਈ ਰਾਗ ਅਤੇ ਬਾਣੀ ਦੇ ਭਾਵ ਪ੍ਰਤੀ ਸੁਚੇਤ ਹੋਣਾ ਜ਼ਰੂਰੀ ਹੈ।

*ਹਵਾਲੇ ਅਤੇ ਟਿੱਪਣੀਆਂ*


27 ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 104

28 ਹਵਾਲਾ, ਸੰਗੀਤ ਪਾਰਿਜਾਤਿ, ਪੰਨਾ 118

29 ਸਗਤ ਸਿੰਘ, 'ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ' ਨਿਬੰਧ ਸੰਗੀਤ, ਪੰਨਾ 446

30 ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 117

31 ਹਵਾਲਾ, ਸੰਗੀਤ ਪਾਰਿਜਾਤ, ਪੰਨਾ 101

32 ਦਮੋਦਰ ਪੰਡਤ, ਸੰਗੀਤ ਦਰਪਣ, ਪਨਾ 95

33 ਸਗਤ ਸਿੰਘ, 'ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ' ਨਿਬੰਧ ਸੰਗੀਤ, ਪੰਨਾ 437

34 ਸੰਗੀਤ ਚਿੰਤਾਮਣੀ, ਪੰਨਾ 399

35 ਭਾਈ ਵੀਰ ਸਿੰਘ, ਉਸ਼ਬਦ ਦੇ ਭਾਵ ਤੇ ਰਾਗ ਦੀ ਤਾਸੀਰ, ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, (ਭਾਗ ਪਹਿਲਾ) ਪੰਨਾ 1

36 ਪ੍ਰੋ ਤਾਰਾ ਸਿੰਘ, ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪੰਨਾ 8



*422, ਸੈਕਟਰ 15-ਏ, ਚੰਡੀਗੜ੍ਹ*

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੀਦਾਰ

## ਰਾਮ ਸਿੰਘ ਨੰਡਿਆਲੀ

ਅਦਰਾਸ ਸਿੱਖ ਦੀ ਜ਼ਿੰਦਗੀ ਦਾ ਇਕ ਜਰੂਰੀ ਤੇ ਅਹਿਮ ਹਿੱਸਾ ਹੈ। ਹਰ ਕੰਮ ਕਰਨ ਤੋਂ ਪਹਿਲਾਂ ਅਰਦਾਸ ਕੀਤੀ ਜਾਂਦੀ ਹੈ। ਖੁਸ਼ੀ ਦੇ ਸਮੇਂ ਅਰਦਾਸ ਸ਼ੁਕਰਾਨੇ ਵਜੋਂ ਕੀਤੀ ਜਾਂਦੀ ਹੈ। ਦੁੱਖ ਵੇਲੇ ਅਰਦਾਸ ਵਾਹਿਗੁਰੂ ਨੂੰ ਸੰਕਟ ਤੇ ਦੁੱਖ ਵਿਚ ਸਹਾਈ ਹੋਣ ਵਾਸਤੇ ਕੀਤੀ ਜਾਂਦੀ ਹੈ।

ਅਰਦਾਸ ਦੀ ਪਹਿਲੀ ਪੌੜੀ ਵਿਚ ਗੁਰੂ ਨਾਨਕ ਸਾਹਿਬ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਧਿਆਉਣ ਦਾ ਵਿਧਾਨ ਹੈ। ਅਤੇ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਨੂੰ ਸਹਾਈ ਹੋਣ ਵਾਸਤੇ ਬੇਨਤੀ ਕੀਤੀ ਗਈ ਹੈ। ਗੁਰੂ ਅਰਜਨ, ਗੁਰੂ ਹਰਿਗੋਬਿੰਦ, ਗੁਰੂ ਹਰਿ ਰਾਇ ਅਤੇ ਗੁਰੂ ਤੇਗ ਬਹਾਦਰ ਹੀ ਨੂੰ ਸਿਮਰਨ ਦਾ ਵਿਧਾਨ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਹਰ ਥਾਂ ਸਹਾਈ ਹੋਣ ਵਾਸਤੇ ਬੇਨਤੀ ਕੀਤੀ ਜਾਂਦੀ ਹੈ। ਫਿਰ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਦਾ ਪਾਠ, ਦਰਸ਼ਨ ਤੇ ਦੀਦਾਰ ਦਾ ਧਿਆਨ ਧਰਨ ਦੀ ਤਾਕੀਦ ਹੈ। ਪਾਠ ਦਰਸ਼ਨ ਤੇ ਦੀਦਾਰ ਤਿੰਨਾਂ ਦਾ ਹੀ ਅਲੱਗ-ਅਲੱਗ ਸਰੂਪ ਹੈ। ਪਾਠ ਤੋਂ ਭਾਵ ਹਰ ਰੋਜ਼ ਦਾ ਪਾਠ ਸਹਿਜ ਪਾਠ, ਅਖੰਡ ਪਾਠ ਜਾਂ ਨਿਤਨੇਮ ਦਾ ਪਾਠ ਹੈ। ਦਰਸ਼ਨ ਤੋਂ ਭਾਵ ਹੈ ਕਿਸੇ ਵੀ ਧਰਮ ਦਾ ਸਿਧਾਂਤ, ਜੀਵਨ ਦੀ ਮੁਕਤੀ ਮਾਰਗ ਦਾ ਰਸਤਾ, ਕਿਸੇ ਧਰਮ ਦੇ ਦਾਇਰੇ ਵਿਚ ਰਹਿਣ ਦੀਆਂ ਹਦਾਇਤਾਂ, ਕਿਸੇ ਵੀ ਧਰਮ ਦੀ (ਫਿਲੋਸਫੀ) ਸੋਚ ਜਾਂ ਨਿਯਮਾਂ ਨੂੰ ਦਰਸ਼ਨ ਆਖਿਆ ਜਾਂਦਾ ਹੈ ਜਿਵੇਂ ਸਿੱਖ ਦਰਸ਼ਨ, ਹਿੰਦੂ ਦਰਸ਼ਨ ਤੇ ਬੁੱਧ ਦਰਸ਼ਨ ਆਦਿ। ਕਿਸੇ ਵੀ ਧਰਮ ਦੇ ਦਰਸ਼ਨ (ਫਿਲਾਸਫੀ) ਦੇ ਦਾਇਰੇ ਵਿਚ ਰਹਿ ਕੇ ਜੀ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ। ਦੀਦਾਰ ਤੋਂ ਭਾਵ ਜੋ ਸ਼ਕਲ ਸੂਰਤ, ਬਣਤਰ ਤੇ ਦਿੱਖ ਜਿਵੇਂ ਅਸੀਂ ਆਖਦੇ ਹਾਂ ਕਿ ਕਿਸੇ ਦੀ ਪਹਿਚਾਨ ਤੋਂ ਕੀਤੀ ਜਾਂਦੀ ਹੈ। ਸਰੀਰਕ ਪਹਿਰਾਵਾ, ਰਹਿਣ-ਸਹਿਣ ਦਾ ਵੇਖਣ ਵਾਲੇ ਤੇ ਕਿਸੇ ਸਖਸ਼ੀਅਤ ਦਾ ਕੀ ਪ੍ਰਭਾਵ ਪੈਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੀਦਾਰ ਲਿਖਣ, ਸੁਣਨ ਤੇ ਕਹਿਣ ਤੋਂ ਬਾਹਰ ਹਨ। ਇਹ ਇਤਨੇ ਮਹਾਨ ਹਨ ਕਿ ਇਹਨਾਂ ਦੀ ਉਪਮਾ ਨਹੀਂ ਕੀਤੀ ਜਾ ਸਕਦੀ। ਸੋ ਆਓ ਆਪਣੀ ਨਿਗੁਣੀ ਜਿਹੀ ਮੱਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੀਦਾਰ ਕਰੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਨੀਆ ਦੇ ਮਹਾਨ ਗ੍ਰੰਥ ਹਨ। ਜਿਹਨਾਂ ਨੂੰ ਗੁਰੂ ਦੀ ਪਦਵੀ ਹਾਸਿਲ ਹੈ। ਇਹਨਾਂ ਦਾ ਅਦਬ ਅਦਾਬ ਤੇ ਸਤਿਕਾਰ ਬੇਮਿਸਾਲ ਹੈ। ਇਹਨਾਂ ਦੇ ਆਦਰ ਸਤਿਕਾਰ ਲਈ ਤਖ਼ਤ (ਮੰਜੀ ਸਾਹਿਬ) ਚਵਰ, ਚੰਦੋਆ ਅਤੇ ਕੀਮਤੀ ਰੁਮਾਲਿਆਂ ਦੀ ਵਰਤੋਂ ਬਾਦਸ਼ਾਹੀ ਠਾਠ ਨੂੰ ਮਾਤ ਪਾਉਂਦੀ ਹੈ। ਮਨੁੱਖਤਾ ਦੇ ਕਲਿਆਣ ਲਈ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ। ਗੁਰਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰ-ਨਾਜ਼ਰ ਜੋਤ ਅਤੇ ਜੀਵਿਤ ਗੁਰੂ ਹਨ। ਭਾਰਤ ਦੀ ਸੁਪਰੀਮ ਕੋਰਟ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵਿਤ ਗੁਰੂ ਸਤਿਕਾਰਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੱਖਰਾਂ ਤੋਂ ਨਹੀਂ ਅੰਕੜੇ ਤੋਂ ਸ਼ੁਰੂ ਹੁੰਦੀ ਹੈ। ਆਰੰਭਤਾ —(ਇਕ ਤੋਂ ਸ਼ੁਰੂ ਹੁੰਦੀ ਹੈ) ਅਤੇ ਇਸ ਨੂੰ ਵੱਖਰਾਇਆ ਨਹੀਂ ਜਾ ਸਕਦਾ। ਪਹਿਲਾ ਸੰਦੇਸ਼ ਇਹ ਹੈ ਕਿ ਪ੍ਰਮਾਤਮਾ ਸਿਰਫ ਤੇ ਸਿਰਫ ਇਕ ਹੀ ਹੈ। ਇਹ ਨਿਰੰਕਾਰ ਦੇ ਅਗੰਮੀ ਬੋਲਾਂ ਦਾ ਸੰਗ੍ਰਹਿ ਹੈ। ਇਹ ਬਾਣੀ ਧੁਰ ਤੋਂ ਆਈ ਹੈ ਅਤੇ ਇਲਾਹੀ ਬਾਣੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ***"ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ"*** (ਅੰਗ 627)।

ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਨੂੰ ਕਰਤਾ-ਪੁਰਖ ਦਾ ਹੁਕਮ ਕਿਹਾ ਹੈ, ***"ਹਉ ਆਪਹੁ ਬੋਲ ਨਾ ਜਾਣਦਾ, ਮੈਂ ਕਹਿਆ ਸਭ ਹੁਕਮਾਓ ਜੀਓ"*** (ਅੰਗ 763)।

ਪ੍ਰਸਿੱਧ ਸੰਤ ਸਾਧੂ ਟੀ ਐਲ ਵਾਸਵਾਨੀ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ "ਜਗਤ ਦੇ ਧਰਮ ਗ੍ਰੰਥ ਆਖਿਆ ਹੈ।" ਮਹਾਨ ਇਤਿਹਾਸਕਾਰ ਸਰ ਅਰਨਲਡ ਟਾਇਨਬੀ ਨੇ ਇਹਨਾਂ ਨੂੰ, "ਮਨੁੱਖ ਜਾਤੀ ਦਾ ਸਾਂਝਾ ਖਜ਼ਾਨਾ" ਦੱਸਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਾਰੇ ਵਰਨਾਂ ਨੂੰ ਸਾਂਝਾ ਉਪਦੇਸ਼ ਹੈ। ਇਹ ਕਿਸੇ ਫਿਰਕੇ ਜਾਂ ਜਾਤ ਨਾਲ ਸਬੰਧ ਨਹੀਂ ਰੱਖਦੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ

ਵਿਚ ਸਭ ਜਾਤਾਂ ਦੇ ਧਰਮਾਂ ਨੂੰ ਬਰਾਬਰ ਮਾਣ ਬਖਸ਼ਿਆ ਹੈ ਤੇ ਸਤਿਕਾਰ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕ ਜੀਵਨ-ਜਾਚ ਹੈ, ਤੇ ਮੁਕਤੀ ਦਾ ਮਾਰਗ ਹੈ। ਇਸ ਵਿਚ ਜੀਵ ਦੇ ਗਰਭ ਧਾਰਨ ਤੋਂ ਲੈ ਕੇ ਅਰਥੀ ਦੇ ਸਫ਼ਰ ਤੱਕ ਦੀ ਸਾਰੀ ਜੀਵਨ ਯਾਤਰਾ ਬਿਆਨ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਜੀ ਮਨੁੱਖ ਨੂੰ ਸੇਧ ਦਿੰਦੇ ਹਨ ਕਿ ਆਪਣਾ ਜੀਵਨ ਸਬਰ, ਸੰਤੋਖ ਦੇ ਨਾਲ ਪੰਜੇ ਵਿਕਾਰਾਂ ਨੂੰ ਵੱਸ ਕਰਕੇ ਸਿਮਰਨ ਰਾਹੀਂ ਸੁੱਚਾ ਤੇ ਸੱਚਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਮੁੱਖ ਉਦੇਸ਼: ਸੇਵਾ ਸਿਮਰਨ, ਕਿਰਤ ਕਰਨਾ ਤੇ ਵੰਡ ਛਕਣਾ ਹਨ। ਜਿਹਨਾਂ ਦੁਆਰਾ ਮਨੁੱਖ ਸੁਚੱਜੀ ਜ਼ਿੰਦਗੀ ਜੀਅ ਸਕਦਾ ਹੈ। " ਹੋਰ ਧਰਮ ਗ੍ਰੰਥ ਸਿਮਰਨ, ਦਾਨ, ਪੁੰਨ ਦੀ ਗੱਲ ਤਾਂ ਕਰਦੇ ਹਨ ਪਰ ਕਿਰਤ ਕਰਨਾ ਤੇ ਵੰਡ ਛਕਣ ਦਾ ਉਪਦੇਸ਼ ਕਿਤੇ ਨਹੀਂ ਹੈ।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂਆਂ, ਭਗਤਾਂ ਤੇ ਮਹਾਂਪੁਰਸ਼ਾਂ ਦੀ ਘਾਲ ਕਮਾਈ ਜ਼ਿੰਦਗੀ ਦਾ ਤਜ਼ਰਬਾ ਅਤੇ ਅਨਮੋਲ ਬਚਨਾਂ ਦਾ 502 ਸਾਲ ਦਾ ਅਰਥਾਤ ਸੰਨ 1173 ਜਨਮ ਸ਼ੇਖ ਫਰੀਦ ਜੀ ਤੋਂ ਲੈ ਕੇ 1675 ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੱਕ ਗੁਰੂਆਂ, ਭਗਤਾਂ ਅਤੇ ਮਹਾਂ ਪੁਰਸ਼ਾਂ ਦੀ ਆਪਣੀ ਜ਼ਿੰਦਗੀ ਦਾ ਅਨੁਭਵ, ਸਿਮਰਨ ਤੇ ਸਮਾਜਿਕ ਵਰਤਾਰੇ ਦਾ ਆਪਣੇ ਹੱਥੀਂ ਆਪਣਾ ਗਿਆਨ ਅਤੇ ਅਨੁਭਵ ਆਪਣੀ ਕਲਮ ਨਾਲ ਖੁਦ ਲਿਖਿਆ ਹੈ। ਬਾਈਬਲ ਵਗੈਰਾ ਨਾਇਕਾਂ ਨੇ ਆਪ ਨਹੀਂ ਲਿਖੇ ਜਿਹਨਾਂ ਗ੍ਰੰਥਾਂ ਵਿਚ ਪ੍ਰਸ਼ੰਸਾ ਕੀਤੀ ਗਈ ਹੈ ਜਿਵੇਂ ਰਾਮ ਚੰਦਰ ਜੀ, ਕ੍ਰਿਸ਼ਨ ਜੀ, ਅਰਜਨ, ਅਤੇ ਯਸ਼ੂ ਮਸੀਹ ਵਰਗੇ ਮਹਾਂ ਪੁਰਸ਼ਾਂ ਨੇ ਇਕ ਵੀ ਪੰਕਤੀ ਨਹੀਂ ਲਿਖੀ। ਇਹ ਉਹਨਾਂ ਦੇ ਸ਼ਰਧਾਲੂਆਂ ਜਾਂ ਸੇਵਕਾਂ ਵੱਲੋਂ ਲਿਖੇ ਗਏ ਹਨ।

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕੋ ਇਕ ਮਹਾਨ ਗ੍ਰੰਥ ਹਨ ਜਿਸ ਵਿਚ ਬਾਣੀਕਾਰਾਂ ਦੀ ਆਪਣੀ ਬਾਣੀ ਆਪਣੇ ਹੱਥੀਂ ਲਿਖੀ ਹੋਈ ਰਚਨਾ ਹੈ। ਇਹ ਬੋਲੀ ਪੱਖੋਂ ਇਕ ਭਰਭੂਰ ਖਜ਼ਾਨਾ ਹੈ। ਇਸ ਵਿਚ ਵੱਖ-ਵੱਖ ਪ੍ਰਾਂਤਾਂ, ਇਲਾਕਿਆਂ ਤੇ ਦਿਹਾਤਾਂ ਦੀਆਂ 64 ਬੋਲੀਆਂ ਦਾ ਭਰਭੂਰ ਭੰਡਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਪ੍ਰਮਾਤਮਾ ਦੇ ਇਕ ਰੂਪ ਦੀ ਪ੍ਰੌੜਤਾ ਕੀਤੀ ਗਈ ਹੈ ਪਰ ਉਸ ਪ੍ਰਮਾਤਮਾ ਨੂੰ ਵੱਖ-ਵੱਖ ਨਾਮਾਂ ਨਾਲ ਜਿਵੇਂ ਹਰੀ ਸ਼ਬਦ 8344 ਵਾਰ, ਰਾਮ ਦਾ ਨਾਮ 2533 ਵਾਰ, ਅਤੇ ਅੱਲ੍ਹਾ ਦੇ ਨਾਂ ਨਾਲ 46 ਵਾਰ ਯਾਦ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੂਲ ਮੰਤਰ 32 ਵਾਰ ਆਇਆ ਹੈ। ਇਕਓਂਕਾਰ ਸਤਿਗੁਰੂ ਪ੍ਰਸਾਦਿ 525 ਵਾਰ ਆਇਆ ਹੈ ਤੇ ਏਕਮਕਾਰ—— ਸਤਿਨਾਮ ਇਕ ਵਾਰ ਆਇਆ ਹੈ ਅਤੇ ਗੁਰੂ ਨਾਨਕ ਦੇਵ ਜੀ ਦਾ ਨਾਮ ਨਾਨਕ 5076 ਵਾਰ ਆਇਆ ਹੈ। ਅਖੀਰ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵੱਡਾ ਕੋਈ ਸਰਬ ਸਾਂਝਾ ਗ੍ਰੰਥ ਜੀਵਨ ਜਾਚ ਦੇਣ ਵਾਲਾ ਤੇ ਕਲਿਆਣਕਾਰੀ ਗ੍ਰੰਥ ਨਹੀਂ ਹੈ।

***ਬੀੜ ਦੀ ਰਚਨਾ (ਸੰਪਾਦਨ)***

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨੁੱਖਤਾ ਨੂੰ ਮੁਕਤੀ ਦਾ ਮਾਰਗ ਦੱਸਣ ਵਾਸਤੇ ਅਤੇ ਸੰਸਾਰ ਕਲਿਆਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ਕੇਸਰ ਸਿੰਘ ਛਿਬਰ ਦੇ ਬੰਸਾਵਲੀ ਨਾਮਾ ਅਨੁਸਾਰ ਚਾਰ ਲਿਖਾਰੀ ਭਾਈ ਸੰਤ ਸਿੰਘ, ਹਰੀਆ, ਸੁੱਖਾ ਅਤੇ ਮਨਸਾ ਰਾਮ ਗੁਰੂ ਜੀ ਦੇ ਪਾਸ ਰਹਿੰਦੇ ਸਨ। ਇਹ ਲਿਖਾਰੀ ਗੁਰੂ ਜੀ ਦੀ ਆਗਿਆ ਅਨੁਸਾਰ ਲਿਖਦੇ ਸਨ। ਗੁਰੂ ਅਰਜਨ ਦੇਵ ਜੀ ਦੇ ਸਮੇਂ ਕੱਚੀ ਬਾਣੀ ਰਚੀ ਜਾਣ ਲੱਗ ਪਈ ਸੀ। ਗੁਰੂ ਜੀ ਦੇ ਵੱਡੇ ਭਰਾ ਪ੍ਰਿਥਵੀ ਚੰਦ ਉਸ ਦਾ ਪੁੱਤਰ ਮਨੋਹਰ ਦਾਸ, ਮੇਹਰਬਾਨ ਅਤੇ ਉਸ ਦਾ ਪੋਤਾ ਹਰਿ ਜੀ ਸੋਢੀ ਇਹ ਬਾਣੀ ਲਿਖ ਰਹੇ ਸਨ। ਇਹ ਬਾਣੀ ਗੁਰੂ ਨਾਨਕ ਜੀ ਦੇ ਨਾਂ ਥੱਲੇ ਲਿਖ ਰਹੇ ਸਨ ਜਿਵੇਂ (ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ)। ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਹੀਂ ਹੈ। ਪ੍ਰਿਥਵੀ ਚੰਦ ਆਪਣੇ ਆਪ ਨੂੰ ਪੰਜਵਾਂ ਗੁਰੂ ਦੱਸ ਰਿਹਾ ਸੀ, ਉਸ ਦਾ ਪੁੱਤਰ ਮਨੋਹਰ ਦਾਸ ਮੇਹਰਬਾਨ ਛੇਵਾਂ ਗੁਰੂ ਅਤੇ ਪ੍ਰਿਥਵੀ ਚੰਦ ਦਾ ਪੋਤਾ ਹਰਿ ਜੀ ਸੋਢੀ ਆਪਣੇ ਆਪ ਨੂੰ ਸੱਤਵਾਂ ਗੁਰੂ ਦੱਸ ਰਿਹਾ ਸੀ ਅਤੇ ਸੰਗਤਾਂ ਨੂੰ ਆਪਣੇ ਵੱਲ ਖਿੱਚ ਰਹੇ ਸਨ। ਕਈ ਬਰਾਦਰੀ ਦਾ ਭਾਵ ਪ੍ਰਗਟ ਕਰ ਰਹੇ ਸਨ। ਜਿਵੇਂ ਗੁਰੂ ਨਾਨਕ ਜੀ ਬੇਦੀ ਸਨ, ਗੁਰੂ ਅੰਗਦ ਦੇਵ ਜੀ ਤ੍ਰੇਹਣ ਖੱਤਰੀ ਬਰਾਦਰੀ ਵਿਚੋਂ ਸਨ, ਗੁਰੂ ਅਮਰਦਾਸ ਜੀ ਭੱਲੇ ਖੱਤਰੀ ਸਨ ਅਤੇ ਰਾਮ ਦਾਸ ਜੀ ਸੋਢੀ ਖੱਤਰੀ ਸਨ। ਵਿਦਵਾਨਾਂ ਅਨੁਸਾਰ ਇਹ ਚਾਰੇ ਬਰਾਦਰੀਆਂ ਆਪਣੇ ਆਪਣੇ ਗੁਰੂਆਂ ਵੱਲ ਸੰਕੇਤ ਕਰਨ ਲੱਗ ਪਈਆਂ ਸਨ। ਗੁਰੂ ਜੀ ਦੇ ਸ਼ਰਧਾਲੂ ਸਿੱਖ ਇਹ ਵਰਤਾਰਾ ਵੇਖ ਕੇ ਚਿੰਤਤ ਸਨ। ਭਾਈ ਮਨੀ ਸਿੰਘ ਜੀ ਦੀ ਸਿੱਖਾਂ ਦੀ (ਭਗਤ ਮਾਲਾ) ਅਨੁਸਾਰ, ਭਾਈ ਗੋਪੀ ਚੰਦ ਮਹਿਤਾ, ਭਾਈ ਤੀਰਥੂ, ਭਾਈ ਨੱਥਾ, ਭਾਈ ਮੋਕਲ ਤੇ ਭਾਈ ਢਿੱਲੀ ਮੰਡਲ ਨੇ ਗੁਰੂ ਜੀ ਪਾਸ ਆ ਕੇ ਬੇਨਤੀ ਕੀਤੀ ਅਤੇ ਕੱਚੀ ਬਾਣੀ ਬਾਰੇ ਦੱਸਿਆ ਤੇ ਸਾਰੇ ਹਾਲ ਬਿਆਨ ਕੀਤੇ।

ਸਿੱਖਾਂ ਨੇ ਬੇਨਤੀ ਕੀਤੀ ਕਿ ਗੁਰੂ ਜੀ ਸੱਚੀ ਬਾਣੀ ਅਤੇ ਕੱਚੀ ਬਾਣੀ ਦਾ ਭੁਲੇਖਾ ਪੈ ਰਿਹਾ ਹੈ। ਸਿੱਖਾਂ ਨੂੰ ਬਾਣੀ ਦੀ

ਪਹਿਚਾਣ ਮੁਸ਼ਕਿਲ ਹੋ ਰਹੀ ਹੈ। ਕ੍ਰਿਪਾ ਕਰਕੇ ਕੋਈ ਉਪਾਅ ਕਰੋ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਜਿਥੇ ਜਿਥੇ ਵੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਸਭ ਪੋਥੀਆਂ ਇਕੱਠੀਆਂ ਕਰੋ। ਸਿੱਖਾਂ ਦੀ (ਭਗਤ ਮਾਲਾ) ਅਨੁਸਾਰ ਸਭ ਥਾਂ ਹੁਕਮਨਾਮੇ ਦੇ ਕੇ ਸਿੱਖਾਂ ਨੂੰ ਭੇਜਿਆ ਗਿਆ ਤੇ ਬਾਣੀ ਇਕੱਠੀ ਕੀਤੀ ਗਈ। ਬਹੁਤ ਬਾਣੀ ਗੁਰੂ ਜੀ ਦੇ ਕੋਲ ਹੀ ਸੀ। ਗੁਰੂ ਜੀ ਨੇ ਰਾਮ ਸਰ ਵਾਲੀ ਥਾਂ ਤੇ ਬੇਰੀਆਂ ਦੇ ਝੂੰਡ ਵਿਚ ਜਿਥੇ ਸਾਫ ਪਾਣੀ ਦੀ ਛੱਪੜੀ ਸੀ ਉਥੇ ਤੰਬੂ ਲਾਇਆ ਤੇ ਲਿਖਣ ਦੀ ਸਮੱਗਰੀ ਮੰਗਾ ਕੇ ਭਾਈ ਗੁਰਦਾਸ ਜੀ ਤੋਂ ਸੰਪਾਦਨਾ ਦਾ ਕੰਮ ਸ਼ੁਰੂ ਕਰਵਾਇਆ। ਸਿਆਹੀ ਦੀ ਸੇਵਾ ਭਾਈ ਬੰਨੋ ਜੀ ਨੇ ਕੀਤੀ।

(1) ਸਮੇਂ ਦੇ ਪ੍ਰਸਿੱਧ ਵਿਦਵਾਨ ਹਰਿ ਪ੍ਰਸਾਦਿ ਨਾਇਕ ਅਨੁਸਾਰ ਸੰਪਾਦਨਾ ਦਾ ਕੰਮ 1593 ਵਿਚ ਸ਼ੁਰੂ ਹੋਇਆ ਅਤੇ 1604 ਵਿਚ ਸੰਪੂਰਨ ਹੋਇਆ। ਇਸ ਕਾਰਜ ਵਿਚ 11 ਸਾਲ ਲੱਗੇ।

(2) ਕੇਸਰ ਸਿੰਘ ਛਿੱਬਰ ਅਨੁਸਾਰ ਇਹ ਕਾਰਜ 1601 ਤੋਂ ਸ਼ੁਰੂ ਹੋ ਕੇ 1604 ਤੱਕ ਤਿੰਨ ਸਾਲ ਵਿਚ ਸੰਪੂਰਨ ਹੋਇਆ।

(3) ਇਕ ਰਵਾਇਤ ਅਨੁਸਾਰ 1599 ਤੋਂ 1604 ਤੱਕ ਇਹ ਕਾਰਜ ਸੰਪੂਰਨ ਹੋਇਆ ਜਿਸ ਨੂੰ ਪੰਜ ਸਾਲ ਲੱਗੇ।

ਜਦੋਂ ਬੀੜ ਦੀ ਰਚਨਾ ਹੋ ਰਹੀ ਸੀ ਉਸ ਸਮੇਂ ਲਾਹੌਰ ਤੇ ਆਸ ਪਾਸ ਦੇ ਚਾਰ ਭਗਤ ਛੱਜੂ, ਕਾਨਾ, ਪੀਲੂ ਤੇ ਸ਼ਾਹ ਹੁਸੈਨ ਆਪਣੀਆਂ ਬਾਣੀਆਂ ਲੈ ਕੇ ਆਏ ਅਤੇ ਬਾਣੀਆਂ ਨੂੰ ਬੀੜ ਵਿਚ ਪਾਣ ਦੀ ਬੇਨਤੀ ਕੀਤੀ ਕਿ ਭਗਤ ਬਾਣੀ ਵਿਚ ਸਾਡੀ ਬਾਣੀ ਵੀ ਸ਼ਾਮਿਲ ਕੀਤੀ ਜਾਵੇ। ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਬਾਣੀ ਦੀ ਪਰਖ ਕਰੋ ਕਿ ਇਹ ਗੁਰਮਤਿ ਅਨੁਸਾਰ ਹੈ ਕਿ ਨਹੀਂ। ਭਾਈ ਗੁਰਦਾਸ ਜੀ ਨੇ ਬਾਣੀ ਦੀ ਪੜਤਾਲ ਕੀਤੀ ਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਇਹ ਬਾਣੀ ਕਸੌਟੀ ਤੇ ਪੂਰੀ ਨਹੀਂ ਉਤਰਦੀ। ਗੁਰੂ ਜੀ ਨੇ ਉਹਨਾਂ ਦੀ ਬਾਣੀ ਵਾਪਸ ਕਰ ਦਿੱਤੀ ਤੇ ਉਹ ਨਾਰਾਜ਼ ਹੋ ਕੇ ਵਾਪਸ ਚਲੇ ਗਏ।

***ਬਾਣੀ ਦੀ ਵਿਉਂਤਬੰਦੀ***

ਗੁਰੂ ਜੀ ਨੇ ਨਿੱਤਨੇਮ ਦੀਆਂ ਬਾਣੀਆਂ ਪਿਛੋਂ ਰਾਗ ਆਰੰਭ ਕੀਤੇ। ਸ੍ਰੀ ਰਾਗ ਨੂੰ ਮਹੱਤਤਾ ਦੇ ਕੇ ਸਭ ਤੋਂ ਪਹਿਲਾਂ ਲਿਖਿਆ ਤੇ ਰਾਗ ਪ੍ਰਭਾਤੀ ਤੇ ਸਮਾਪਤੀ ਕੀਤੀ। ਕੁੱਲ 30 ਰਾਗਾਂ ਦੀ ਸੰਪਾਦਨਾ ਕੀਤੀ ਜਿਹਨਾਂ ਦੀ ਤਰਤੀਬ ਇਸ ਤਰ੍ਹਾਂ ਹੈ: ਸ੍ਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ। ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਦੇਵ ਗੰਧਾਰੀ, ਭੈਰਉ, ਬਸੰਤ, ਸਾਰੰਗ, ਮਲਹਾਰ, ਕਾਨੜਾ, ਪ੍ਰਭਾਤੀ ਤੇ ਜੈਜਾਵੰਤੀ ਰਾਗ ਗੁਰੂ ਗੋਬਿੰਦ ਸਿੰਘ ਜੀ ਨੇ ਦਰਜ ਕੀਤਾ। ਇਸ ਤੋਂ ਬਿਨਾਂ ਹੋਰ ਰਾਗਾਂ ਨਾਲ ਮਿਲ ਕੇ ਗਾਉਣ ਦਾ ਵੀ ਹੁਕਮ ਹੈ। ਜਿਵੇਂ: ਲਲਤ, ਹਿੰਡੋਲ, ਭੋਪਾਲੀ, ਭਿਬਾਸ ਤੇ ਕਾਫੀ। ਪਹਿਲਾਂ ਰਾਗ 30 ਸਨ ਜੈਜਾਵੰਤੀ ਰਾਗ ਪਾਉਣ ਨਾਲ ਰਾਗਾਂ ਦੀ ਗਿਣਤੀ 31 ਹੋ ਗਈ।

ਇਸ ਤਰ੍ਹਾਂ 1604 ਵਿਚ ਬੀੜ ਤਿਆਰ ਹੋ ਗਈ ਜਿਸ ਦਾ ਭੋਗ ਮੁੰਦਾਵਣੀ ਤੇ ਪਾਇਆ ਗਿਆ। ਇਸ ਵਿਚ 5 ਗੁਰੂ ਸਾਹਿਬਾਨ, 15 ਭਗਤ, 4 ਗੁਰੂ ਘਰ ਦੇ ਸ਼ਰਧਾਲੂ, 11 ਭੱਟਾਂ ਦੀ ਬਾਣੀ ਸ਼ਾਮਿਲ ਕੀਤੀ ਗਈ। ਫਿਰ ਗੁਰੂ ਜੀ ਨੇ ਭਾਈ ਬੰਨੋ ਨੂੰ ਬੀੜ ਜਿਲਦ ਬਣਾਉਣ ਵਾਸਤੇ ਲਾਹੌਰ ਭੇਜਿਆ। ਉਹ ਦੋ ਮਹੀਨੇ ਨਹੀਂ ਮੁੜਿਆ ਉਸ ਨੇ ਬੀੜ ਦੀ ਨਕਲ ਕਰਕੇ ਹੋਰ ਬੀੜ ਤਿਆਰ ਕਰ ਲਈ ਤੇ ਵਾਧੂ ਬਾਣੀਆਂ ਪਾ ਦਿੱਤੀਆਂ। ਗੁਰੂ ਜੀ ਨੂੰ ਪਤਾ ਲੱਗ ਗਿਆ ਤਾਂ ਗੁਰੂ ਜੀ ਨੇ ਇਸ ਨੂੰ ਖਾਰੀ ਬੀੜ ਕਹਿ ਕੇ ਨਾਕਾਰ ਦਿੱਤਾ। ਇਹ ਬੀੜ ਹੁਣ ਪਿੰਡ ਮਾਂਗਟ ਜਿਲ੍ਹਾ ਸ਼ਾਹਪੁਰ ਪਾਕਿਸਤਾਨ ਭਾਈ ਬੰਨੋ ਜੀ ਦੇ ਵੰਜਸ਼ਾਂ ਕੋਲ ਪਈ ਹੈ। ਇਸ ਦੇ ਵੀ ਬਹੁਤ ਉਤਾਰੇ ਹੋ ਚੁੱਕੇ ਹਨ।

1 ਸਤੰਬਰ 1604 ਨੂੰ ਗੁਰੂ ਜੀ ਨੇ ਸਾਰੀ ਸੰਗਤ ਸਮੇਤ ਬੀੜ ਬਾਬਾ ਬੁੱਢਾ ਜੀ ਦੇ ਸਿਰ ਤੇ ਬਿਰਾਜਮਾਨ ਕਰਕੇ ਆਪ ਚੌਰ ਦੀ ਸੇਵਾ ਕੀਤੀ ਤੇ ਹਰਿਮੰਦਰ ਸਾਹਿਬ ਪਹੁੰਚੇ ਜੋ ਪਹਿਲੇ ਹੀ ਤਿਆਰ ਸੀ। ਸ੍ਰੀ ਹਰਿਮੰਦਰ ਸਾਹਿਬ ਵਿਚ ਬੀੜ ਦਾ ਪ੍ਰਕਾਸ਼ ਕੀਤਾ ਤੇ ਪਹਿਲੇ ਗ੍ਰੰਥੀ ਭਾਈ ਬੁੱਢਾ ਜੀ ਨੂੰ ਥਾਪਿਆ ਤੇ ਗੁਰੂ ਜੀ ਆਪ ਸਵਾ ਹੱਥ ਡੂੰਘਾ ਟੋਆ ਪੁੱਟ ਕੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਨੀਵੇਂ ਹੋ ਕੇ ਬੈਠੇ। ਬਾਬਾ ਬੁੱਢਾ ਜੀ ਸੰਨ 1506 ਵਿਚ ਕੱਥੂ ਨੰਗਲ ਵਿਚ ਜਨਮੇ ਤੇ 1518 ਵਿਚ ਗੁਰੂ ਨਾਨਕ ਜੀ ਨਾਲ ਮੇਲ ਹੋਇਆ ਤੇ ਗੁਰੂ ਘਰ ਦੇ ਹੀ ਹੋ ਕੇ ਰਹਿ ਗਏ। ਸੰਨ 1604 ਵਿਚ ਅਰਥਾਤ 98 ਸਾਲ ਦੀ ਉਮਰ ਵਿਚ ਗੁਰੂ ਘਰ ਦੀ ਸੇਵਾ ਕਰਕੇ ਆਪ ਜੀ ਪਹਿਲੇ ਗ੍ਰੰਥੀ ਹਰਿਮੰਦਰ ਸਾਹਿਬ ਵਿਚ ਨਿਯੁਕਤ ਹੋਏ। ਉਸ ਦਿਨ ਦਾ ਹੀ ਦਰਬਾਰ ਸਾਹਿਬ ਵਿਚ ਬਾਣੀ ਦਾ ਪ੍ਰਵਾਹ ਜਾਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੀ ਬਾਣੀ ਜਪੁਜੀ ਸਾਹਿਬ ਜੀ ਦੀ ਹੈ। ਇਹ ਰਚਨਾ ਗੁਰੂ ਨਾਨਕ ਸਾਹਿਬ ਜੀ ਨੇ ਕਰਤਾਰਪੁਰ ਰਹਿੰਦਿਆਂ ਰਚੀ ਸੀ। ਇਹ ਗੁਰੂ ਜੀ ਦੀ ਸਭ

ਤੋਂ ਪਿੱਛੋਂ ਦੀ ਰਚਨਾ ਹੈ ਜਿਸ ਵਿਚ 38 ਪੌੜੀਆਂ ਹਨ। ਇਸ ਵਿਚ ਦੋ ਵਾਰ ਅੰਮ੍ਰਿਤ ਸ਼ਬਦ ਅਤੇ 30 ਵਾਰ ਗੁਰੂ ਨਾਨਕ ਜੀ ਦਾ ਨਾਮ ਨਾਨਕ ਆਇਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀਆਂ ਅਨੁਸਾਰ ਤਿੰਨ ਪੜਾਅ ਹਨ। ਪਹਿਲਾ ਪੜਾਅ ਅੰਗ 1 ਤੋਂ ਲੈ ਕੇ ਅੰਗ 13 ਤੱਕ ਨਿੱਤਨੇਮ ਦੀਆਂ ਬਾਣੀਆਂ ਹਨ। ਫਿਰ ਦੂਜਾ ਪੜਾਅ ਅੰਗ 14 ਤੋਂ ਲੈ ਕੇ ਅੰਗ 1353 ਤੱਕ ਰਾਗਾਂ ਵਿਚ ਬਾਣੀਆਂ ਹਨ। ਤੀਜਾ ਪੜਾਅ ਅੰਗ 1353 ਤੋਂ ਅੰਗ 1429 ਤੱਕ ਰਾਗ ਰਹਿਤ ਬਾਣੀਆਂ ਹਨ।

ਅੰਗ 1353 ਉਤੇ ਸਲੋਕ ਸਹਿਸਕ੍ਰਿਤੀ ਹਨ ਜਿਹਨਾਂ ਦੀ ਗਿਣਤੀ 71 ਹੈ। ਪਹਿਲੇ ਚਾਰ ਸਲੋਕ ਗੁਰੂ ਨਾਨਕ ਦੇਵ ਜੀ ਦੇ ਹਨ ਅਤੇ ਬਾਕੀ 67 ਸਲੋਕ ਗੁਰੂ ਅਰਜਨ ਦੇਵ ਜੀ ਦੇ ਹਨ। ਅੱਗੇ ਗਾਥਾ, ਫੁਨਹਿ, ਚਉਬੋਲੇ, ਸਲੋਕ ਕਬੀਰ ਜੀ ਦੇ 243, ਸਲੋਕ ਫਰੀਦ ਜੀ ਦੇ 130, ਅੱਗੇ ਸਵਈਏ ਭੱਟਾਂ ਦੇ ਜਿਹਨਾਂ ਦੀ ਗਿਣਤੀ 122 ਹੈ ਫਿਰ ਵਾਰਾਂ ਤੇ ਵਧੀਕ 1410 ਅੰਗ ਤੋਂ ਸ਼ੁਰੂ ਹੁੰਦੇ ਹਨ। ਇਹਨਾਂ ਦੀ ਗਿਣਤੀ 152 ਹੈ। ਇਹ ਸਲੋਕ ਵਾਰਾਂ ਤੋਂ ਬਚ ਗਏ ਸਨ। ਇਹਨਾਂ ਨੂੰ ਗੁਰੂ ਜੀ ਨੇ ਵਾਰਾਂ ਤੇ ਵਧੀਕ ਬਾਣੀ ਦੇ ਨਾਂ ਥੱਲੇ ਸੰਪਾਦਨ ਕੀਤਾ। ਅੱਗੇ ਨੌਵੇਂ ਮਹੱਲੇ ਦੇ ਸਲੋਕ 57 ਹਨ। ਰਾਗ ਮਾਲਾ ਬਾਰੇ ਸ਼ੰਕੇ ਹਨ ਕਿ ਇਹ ਗੁਰੂ ਜੀ ਦੀ ਬਾਣੀ ਹੈ ਜਾਂ ਨਹੀਂ।

ਪਹਿਲੇ ਇਸ ਬੀੜ ਨੂੰ ਪੋਥੀ ਸਾਹਿਬ ਕਿਹਾ ਜਾਂਦਾ ਸੀ ਤੇ ਫਿਰ ਆਦਿ ਗ੍ਰੰਥ ਕਿਹਾ ਜਾਣ ਲੱਗਾ। 1705-1706 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਬੀੜ ਨੂੰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪਾ ਕੇ ਸੰਪੂਰਨ ਕੀਤਾ ਤੇ 30 ਅਕਤੂਬਰ 1708 ਨੂੰ ਗੁਰਗੱਦੀ ਤੇ ਬਿਰਾਜਮਾਨ ਕਰਕੇ ਗੁਰੂ ਗ੍ਰੰਥ ਜੀ ਅੱਗੇ ਸੀਸ ਝੁਕਾ ਕੇ ਨਮਸਕਾਰ ਕੀਤੀ ਤੇ ਸਿੱਖਾਂ ਦੇ ਸਦਾ ਵਾਸਤੇ ਗੁਰ ਥਾਪ ਦਿੱਤੇ ਤੇ ਇਹਨਾਂ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੋਧਨ ਕੀਤਾ ਜਾਣ ਲੱਗਾ। ਅਤੇ ਇਹ ਦਮਦਮੀ ਬੀੜ ਕਹਿਲਾਈ।

*ਸੰਪੂਰਨਤਾ*

ਜਦੋਂ ਗੁਰੂ ਸਾਹਿਬ ਜੀ ਅਨੰਦਪੁਰ ਦੀਆਂ ਲੜਾਈਆਂ ਤੋਂ ਪਿਛੋਂ ਸਾਬੋ ਕੀ ਤਲਵੰਡੀ ਦਮਦਮਾ ਸਾਹਿਬ ਕਾਫੀ ਦੇਰ ਰਹੇ। ਉਥੇ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਦੁਬਾਰਾ ਸੰਪਾਦਨਾ ਕੀਤੀ। ਗੁਰੂ ਜੀ ਆਪ ਤੰਬੂ ਵਿਚ ਬੈਠਦੇ ਤੇ ਭਾਈ ਮਨੀ ਸਿੰਘ ਜੀ ਤੋਂ ਬੀੜ ਲਿਖਵਾਂਦੇ। ਪਹਿਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 5755 ਸ਼ਬਦ ਅਤੇ 30 ਰਾਗ ਸਨ। ਗੁਰੂ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 116 ਸ਼ਬਦ ਅਤੇ ਇਕ ਰਾਗ ਜੈਜਾਵੰਤੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੇ। ਇਸ ਤਰ੍ਹਾਂ ਬੀੜ ਵਿਚ 5871 ਸ਼ਬਦ ਅਤੇ 31 ਰਾਗ ਹੋ ਗਏ ਤੇ ਇਸ ਨੂੰ ਦਮਦਮੀ ਬੀੜ ਦਾ ਨਾਂ ਦਿੱਤਾ ਗਿਆ।

ਇਸ ਤਰ੍ਹਾਂ ਬੀੜਾਂ ਦੇ ਤਿੰਨ ਸਰੂਪ ਹੋ ਗਏਃ-

1) ਕਰਤਾਰਪੁਰੀ ਬੀੜ

2) ਭਾਈ ਬੰਨੋ ਵਾਲੀ ਬੀੜ

3) ਦਮਦਮੀ ਬੀੜ

ਇਸ ਵੇਲੇ ਗੁਰਗੱਦੀ ਉਤੇ ਦਮਦਮੀ ਬੀੜ ਬਿਰਾਜਮਾਨ ਹੈ। ਗਿਆਨੀ ਗਿਆਨ ਸਿੰਘ ਜੀ (ਕਰਤਾ ਤਵਾਰੀਖ ਗੁਰੂ ਖਾਲਸਾ) ਲਿਖਦਾ ਹੈ ਕਿ ਗੁਰੂ ਜੀ ਨੇ ਬਾਬਾ ਦੀਪ ਸਿੰਘ ਜੀ ਤੋਂ ਹੋਰ ਚਾਰ ਉਤਾਰੇ ਕਰਵਾ ਕੇ ਪਟਨਾ ਸਾਹਿਬ, ਦਮਦਮਾ ਸਾਹਿਬ, ਅਕਾਲ ਬੁੰਗੇ ਸਾਹਿਬ, ਕੇਸਗੜ੍ਹ ਸਾਹਿਬ ਅਤੇ ਅਨੰਦਪੁਰ ਸਾਹਿਬ ਭੇਜੇ ਜੋ ਅੱਜ ਤੱਕ ਵੀ ਵੱਡੇ ਬਾਬੇ ਬੋਲੇ ਜਾਂਦੇ ਹਨ। ਭਾਈ ਮਨੀ ਸਿੰਘ ਵਾਲੀ ਬੀੜ ਅਹਿਮਦਸ਼ਾਹ ਅਬਦਾਲੀ ਅੱਠਵੇਂ ਹਮਲੇ ਸਮੇਂ ਜਨਵਰੀ 1762 ਵਿਚ ਕਾਬਲ ਲੈ ਗਿਆ। ਇਹ ਬੀੜ ਹੁਣ ਕਾਬਲ ਧਰਮਸ਼ਾਲਾ ਵਿਚ ਪਈ ਹੈ ਜਿਸ ਦੇ ਪੂਰਨਮਾਸ਼ੀ ਨੂੰ ਦਰਸ਼ਨ ਕਰਾਏ ਜਾਂਦੇ ਹਨ।

*ਪਹਿਲਾ ਅਖੰਡ ਪਾਠ*

ਸਾਹਿਤ ਕੋਸ਼ ਅਨੁਸਾਰ ਅਖੰਡ ਪਾਠ ਦਾ ਸ਼ਾਬਦਿਕ ਅਰਥ ਕਿਸੇ ਵੀ ਗ੍ਰੰਥ ਦੇ ਲਗਾਤਾਰ ਬਿਨਾਂ ਰੁਕਾਵਟ ਦੇ ਪਾਠ ਤੋਂ ਲਿਆ ਜਾਂਦਾ ਹੈ। ਅਖੰਡ ਪਾਠ ਕਰਨ ਦੀ ਰੀਤ ਦਾ ਪ੍ਰਚਲਣ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਨਿਰੰਤਰ ਪਾਠ ਨਾਲ ਹੋਇਆ ਹੈ। ਪਹਿਲਾਂ ਸਿੰਘਾਂ ਦੇ ਦਲ ਜਿਥੇ ਵੀ ਟਿਕਾਣਾ ਕਰਦੇ ਸਨ ਉਥੇ ਸਹਿਜ ਪਾਠ ਆਰੰਭ ਕਰ ਦਿੰਦੇ ਸਨ ਅਤੇ ਪਾਠ ਦਾ ਭੋਗ ਪਾ ਕੇ ਅਗਲੇ ਪੜਾਅ ਦੀ ਤਿਆਰੀ ਕਰਦੇ ਸਨ। ਸਿੱਖ ਧਰਮ ਵਿਚ ਅਖੰਡ ਪਾਠ ਦੀ ਬੜੀ ਮਹੱਤਤਾ ਹੈ। ਇਸ ਪਾਠ ਦੀ ਮਰਿਆਦਾ ਬਹੁਤ ਪੁਰਾਣੀ ਨਹੀਂ। ਭਿੰਡਰਾਂਵਾਲੇ ਸੰਪਰਦਾਇ ਦੇ ਵਿਚਾਰਵਾਨਾਂ ਨੇ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਰੰਭ ਕੀਤੀ ਗਈ ਦੱਸਿਆ ਹੈ। ਉਹਨਾਂ ਦਾ ਵਿਚਾਰ ਹੈ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਲਿਖਣਸਰ ਸਾਹਿਬ ਦੇ ਸਥਾਨ ਤੇ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ ਉਸ ਸਮੇਂ ਵਿਸ਼ੇਸ਼ ਵਿਧੀ ਅਨੁਸਾਰ ਇਸ ਦਾ ਅਖੰਡ ਪਾਠ ਕਰਵਾਇਆ ਪਰ ਇਹ ਵਿਚਾਰ ਤੱਥ ਤੇ ਆਧਾਰਿਤ ਨਹੀਂ ਹੈ।

ਮਹਾਨ ਕੋਸ਼ ਅਨੁਸਾਰ ਅਖੰਡ ਪਾਠ ਦੀ ਰੀਤ ਬਾਬਾ ਬੁੱਢਾ ਦਲ ਨੇ ਚਲਾਈ ਤੇ ਤਰਨਾ ਦਲ ਪਾਸ ਆਈ। ਅਸਲ ਵਿਚ

ਪਹਿਲਾ ਅਖੰਡ ਪਾਠ ਕਦ ਅਤੇ ਕਦੋਂ ਆਰੰਭ ਹੋਇਆ ਇਸ ਬਾਰੇ ਕੋਈ ਠੋਸ ਪ੍ਰਮਾਣ ਨਹੀਂ। ਇਹ ਗੱਲ ਆਮ ਪ੍ਰਸਿੱਧ ਹੈ ਤੇ ਮੰਨਣਯੋਗ ਹੈ ਕਿ ਵੱਡੇ ਘੱਲੂਘਾਰੇ ਸਮੇਂ ਕੁਪਰਹੀੜਾ ਦੇ ਸਥਾਨ ਤੇ ਪਹਿਲਾ ਅਖੰਡ ਪਾਠ ਹੋਇਆ। ਬੜੀਆਂ ਲੰਮੀਆਂ ਲੜਾਈਆਂ ਲੜਨ ਤੋਂ ਪਿਛੋਂ ਸਿੰਘਾਂ ਦੇ ਦੋਵੇਂ ਦਲ ਕੁਪਰਹੀੜੇ (ਜਿਲ੍ਹਾ ਲੁਧਿਆਣਾ) ਵਿਚ ਇਕੱਠੇ ਹੋਏ ਸਨ। ਜਦੋਂ ਦਲ ਕਿਤੇ ਆਰਾਮ ਕਰਦੇ ਸਨ ਤਾਂ ਉਹ ਸਹਿਜ ਪਾਠ ਆਰੰਭ ਕਰ ਦਿੰਦੇ ਸਨ ਤੇ ਪਾਠ ਦੀ ਸਮਾਪਤੀ ਤੇ ਅੱਗੇ ਚਾਲੇ ਪਾ ਦਿੰਦੇ ਸਨ। ਜਨਵਰੀ 1762 ਨੂੰ ਅਹਿਮਦਸ਼ਾਹ ਅਬਦਾਲੀ ਨੇ ਅੱਠਵਾਂ ਹਮਲਾ ਕਰ ਦਿੱਤਾ। ਉਹ ਮਾਰੋ-ਮਾਰ ਕਰਦਾ ਆ ਰਿਹਾ ਸੀ। ਸਿੰਘਾਂ ਨੂੰ ਕੋਈ ਪਤਾ ਨਹੀਂ ਸੀ। ਸਿੰਘਾਂ ਦੇ ਸੂਹੀਏ ਨੇ ਜਦੋਂ ਖਬਰ ਦਿੱਤੀ ਤਾਂ ਉਹ ਲਾਹੌਰ ਤੋਂ ਤੁਰ ਪਿਆ ਸੀ ਸਿੰਘਾਂ ਨੂੰ ਇਤਨੀ ਜਲਦੀ ਅਬਦਾਲੀ ਦੇ ਪਹੁੰਚਣ ਦੀ ਉਮੀਦ ਨਹੀਂ ਸੀ। ਸਿੰਘਾ ਨੇ ਜੰਗ ਦੀਆਂ ਤਿਆਰੀਆਂ ਆਰੰਭ ਕੀਤੀਆਂ ਤੇ ਨਾਲ ਹੀ ਗੁਰਮਤਾ ਕੀਤਾ ਕਿ ਹੁਣ ਸਜਿਹ ਪਾਠ ਨਹੀਂ ਹੋ ਸਕਦਾ ਤੇ ਜਿੰਨੀ ਛੇਤੀ ਹੋ ਸਕੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਪਾਠ ਲਗਾਤਾਰ ਕੀਤਾ ਜਾਵੇ। ਸੋ ਸਿੰਘਾਂ ਨੇ ਹਮਲੇ ਦੀ ਰਾਤ ਵੇਲੇ ਹੀ ਘਿਉ ਦੇ ਦੀਵੇ ਬਾਲ ਕੇ ਪਾਠ ਲਗਾਤਾਰ ਜਾਰੀ ਰੱਖਿਆ। 5, 6 ਜਨਵਰੀ ਨੂੰ ਅਬਦਾਲੀ ਸਿਰ ਤੇ ਪਹੁੰਚ ਗਿਆ। ਸਿੰਘਾਂ ਨੇ ਲੜਾਈ ਲੜਦੇ ਲੜਦੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕੀਤਾ ਤੇ ਭੋਗ ਪਾਇਆ। ਇਸ ਤਰ੍ਹਾਂ ਇਸ ਰੀਤ ਦਾ ਸੰਚਾਲਨ ਹੋਇਆ।

ਗੁਰਦੁਆਰਿਆਂ ਉਪਰ ਮਹੰਤਾਂ ਤੇ ਸਾਧਾਂ ਦੇ ਕਾਬਜ਼ ਹੋਣ ਨਾਲ ਕਈ ਪ੍ਰਕਾਰ ਦੀਆਂ ਮਨੌਤਾਂ ਵੀ ਸ਼ਾਮਿਲ ਹੋਈਆਂ। ਜਿਵੇਂ ਅਖੰਡ ਪਾਠ ਕਰਨ ਸਮੇਂ ਜਪੁਜੀ ਦਾ ਪਾਠ ਰੱਖਣਾ ਉਸ ਲਈ ਅਖੰਡ ਪਾਠੀਆਂ ਜਿੰਨੇ ਵੀ ਪਾਠੀ ਰੱਖਣੇ ਹੁੰਦੇ ਉਨ੍ਹੇ ਹੀ ਧੂਪੀਏ ਰੱਖਣੇ। ਲੰਗਰ ਦੇ ਸੇਵਾਦਾਰ ਤੇ ਹੋਰ ਸੇਵਾਦਾਰ ਰੱਖਣੇ ਆਦਿ। ਅੱਜ ਕੱਲ੍ਹ ਪਾਠ ਕਰਨ ਦੀਆਂ ਵੱਖ-ਵੱਖ ਮਰਿਆਦਾਵਾਂ ਚੱਲ ਪਈਆਂ ਹਨ ਜਿਵੇਂ ਸਪਤਾਹਿਕ ਪਾਠ, ਸਾਧਾਰਨ ਪਾਠ, ਸੰਪਟ ਪਾਠ ਆਦਿ। ਗੱਲ ਕੀ ਡੇਰੇ ਦੇ ਸਾਧ ਸੰਤ ਆਪਣੀ ਵਿਦਵਤਾ ਜਾਂ ਮਰਿਆਦਾ ਦੀ ਪਰਪੱਕਤਾ ਦੇ ਪ੍ਰਗਟਾਵੇ ਜਾਂ ਨਵੀਨਤਾ ਲਿਆਉਣ ਲਈ ਕੋਈ ਨਾ ਕੋਈ ਨਵੀਂ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ ਭਾਵੇਂ ਉਹ ਗੁਰੁ ਆਸਾਂ ਦੇ ਉਲਟ ਹੀ ਕਿਉਂ ਨਾ ਹੋਵੇ।

ਬੇਸ਼ੱਕ ਅੱਜ ਕੱਲ੍ਹ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਤਰ੍ਹਾਂ ਦੇ ਪਾਠ ਲਈ ਰਹਿਤ ਮਰਿਆਦਾ ਵਿਚ ਇਕ ਸਰਲ ਤੇ ਵਿਸ਼ੇਸ਼ ਨੀਤੀ ਨਿਸ਼ਚਿਤ ਕੀਤੀ ਗਈ ਹੈ ਪਰ ਫਿਰ ਵੀ ਕੇਸਰ ਦਾ ਟਿੱਕਾ ਲਾਉਣਾ, ਨਾਰੀਅਲ, ਸਮੱਗਰੀ, ਰੁਮਾਲਾ, ਧੂਪ ਸਮੇਂ ਪ੍ਰਸਾਦਿ ਦਾ ਭੋਗ ਲਾਉਣ ਦੀਆਂ ਰੀਤਾਂ ਪ੍ਰਚੱਲਿਤ ਹਨ। ਕਈ ਸੱਜਣ ਪੈਸੇ ਭਰ ਕੇ ਅਖੰਡ ਪਾਠ ਕਰਵਾਉਂਦੇ ਹਨ। ਕਈ ਕੀਤਾ ਕਰਾਇਆ ਪਾਠ ਖਰੀਦ ਲੈਂਦੇ ਹਨ। ਕਈ ਡਾਕ ਰਾਹੀਂ ਪੈਸੇ ਭੇਜ ਕੇ ਅਖੰਡ ਪਾਠ ਕਰਵਾਉਂਦੇ ਹਨ ਜੋ ਕਿ ਗੁਰਮਤਿ ਦੇ ਬਿਲਕੁਲ ਹੀ ਵਿਰੁੱਧ ਹੈ।

***ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਵਿਚ ਸੰਪਾਦਿਤ ਕੀਤੀਆਂ ਗਈਆਂ ਬਾਣੀਆਂ ਦਾ ਵੇਰਵਾ***

ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਵਿਚ ਕੁਲ 31 ਰਾਗ ਹਨ। ਸਭ ਤੋਂ ਵੱਡਾ ਰਾਗ ਗਉੜੀ ਗੁਆਰੇਰੀ ਹੈ। ਇਸ ਦੇ 196 ਅੰਗ ਹਨ। ਸਭ ਤੋਂ ਛੋਟਾ ਰਾਗ ਜੈਜਾਵੰਡੀ ਹੈ ਜੋ ਕੇਵਲ ਇਕ ਅੰਗ ਦਾ ਹੈ। ਇਹ ਰਾਗ 1353 ਅੰਗ ਤੇ ਹੈ ਤੇ ਇਹ ਗੁਰੂ ਤੇਗ ਬਹਾਦਰ ਜੀ ਦੀ ਰਚਨਾ ਹੈ। ਰਾਗਾਂ ਦੇ ਵਿਚ ਬਾਣੀਕਾਰਾਂ ਨੇ ਪੜਤਾਲਾਂ ਨੇ ਲਿਖੀਆਂ ਹਨ ਜਿਹਨਾਂ ਦੀ ਗਿਣਤੀ ਕੁੱਲ 55 ਹੈ। ਬਾਣੀ ਵਿਚ ਮਹਲਾ ਦੇ ਨਾਲ ਘਰ ਵੀ ਹਨ। ਮਹਲੇ ਕੇਵਲ ਪਹਿਲੇ ਪੰਜ ਅਤੇ ਇਕ ਨੌਂਵਾਂ ਮਹਲਾ ਹੈ। ਮਹਲਾ ਦਾ ਅਰਥ ਹੈ ਕਿ ਜਿਹੜੇ ਗੁਰੂ ਜੀ ਦੀ ਬਾਣੀ ਹੈ ਅਤੇ ਘਰਾਂ ਦੀ ਗਿਣਤੀ ਕੇਵਲ 17 ਤੱਕ ਹੀ ਹੈ। 17 ਘਰ ਕੇਵਲ ਆਸਾ ਰਾਗ ਵਿਚ ਹੀ ਹਨ। ਉਥੇ ਲਿਖਿਆ ਹੋਇਆ ਹੈ, "ਰਾਗ ਆਸਾ ਮਹਲਾ ਪੰਜਵਾਂ ਆਸਾਵਰੀ ਘਰ 17" (ਅੰਗ 409)। ਘਰ ਦਾ ਅਰਥ ਹੈ ਉਪਰਾਗ। ਇਹ ਹੁਕਮ ਹੈ ਕਿ ਰਾਗ ਦਾ ਕੀਰਤਨ ਕਰਨ ਸਮੇਂ ਘਰ ਦੇ ਅਨੁਸਾਰ ਹੀ ਕੀਰਤਨ ਕੀਤਾ ਜਾਵੇ। ਇਹ ਵੇਖਣਾ ਹੈ ਕਿ ਮਹਲਾ ਦਾ ਕਿਹੜਾ ਘਰ ਲਿਖਿਆ ਹੈ। ਰਾਗ ਦੇ ਉਸ ਘਰ ਅਨੁਸਾਰ ਹੀ ਕੀਰਤਨ ਹੋਵੇ। ਪਰ ਅੱਜਕੱਲ੍ਹ ਸੰਤ ਸਮਾਜ ਮਹਲਾ ਤੇ ਘਰ ਦੋਵੇਂ ਛੱਡ ਕੇ ਆਪਣੀਆਂ ਹੀ ਧਾਰਨਾਵਾਂ ਦਾ ਕੀਰਤਨ ਕਰਦੇ ਹਨ ਜੋ ਕਿ ਗੁਰਬਾਣੀ ਦੇ ਵਿਰੁੱਧ ਹੈ।

***ਵਾਰਾਂ***

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ 22 ਵਾਰਾਂ ਹਨ। ਸਭ ਤੋਂ ਵੱਡੀ ਵਾਰ ਗਉੜੀ ਕੀ ਵਾਰ ਮਹਲਾ ਚੌਥਾ ਹੈ। ਇਸ ਦੇ ਕੁੱਲ 18 ਅੰਗ ਹਨ ਤੇ ਪੌੜੀਆਂ ਦੀ ਗਿਣਤੀ 33 ਹੈ। ਸਭ ਤੋਂ ਜ਼ਿਆਦਾ ਪੌੜੀਆਂ ਸਾਰੰਗ ਦੀ ਵਾਰ ਦੀਆਂ ਹਨ, ਜਿਹਨਾਂ ਦੀ ਗਿਣਤੀ 36 ਹੈ। ਪਰ ਇਹ ਗਉੜੀ ਦੀ ਵਾਰ ਤੋਂ ਛੋਟੀ ਹੈ। ਸਭ ਤੋਂ ਛੋਟੀ ਵਾਰ ਬਸੰਤ ਦੀ ਵਾਰ ਮਹਲਾ ਪੰਜਵਾਂ ਹੈ। ਇਸ ਦੇ ਕੁੱਲ ਤਿੰਨ ਸ਼ਬਦ ਹਨ ਤੇ ਕੇਵਲ 7 ਪੰਕਤੀਆਂ ਹਨ। ਇਸ ਵਿਚ ਕੋਈ ਸਲੋਕ ਜਾਂ ਪਉੜੀ ਨਹੀਂ

ਲਿਖੀ ਹੋਈ। ਸਾਰੀਆਂ ਵਾਰਾਂ ਦੀਆਂ ਪੌੜੀਆਂ ਦੀ ਗਿਣਤੀ 240 ਹੈ। ਵਾਰਾਂ ਦੀ ਰਚਨਾ ਇਸ ਪ੍ਰਕਾਰ ਹੈ।

| *ਗੁਰੂ ਜੀ ਦਾ ਨਾਂ* | *ਵਾਰਾਂ* |
|---|---|
| ਗੁਰੂ ਨਾਨਕ ਦੇਵ ਜੀ | 3 |
| ਗੁਰੂ ਅਮਰਦਾਸ ਜੀ | 4 |
| ਗੁਰੂ ਰਾਮਦਾਸ ਜੀ | 8 |
| ਗੁਰੂ ਅਰਜਨ ਦੇਵ ਜੀ | 6 |
| ਸੱਤਾ ਤੇ ਬਲਵੰਡ | 1 |
| *ਕੁੱਲ ਗਿਣਤੀ* | *22* |

ਸੱਤੇ ਤੇ ਬਲਵੰਡ ਦੀ ਵਾਰ ਦੀ ਵਿਸ਼ੇਸ਼ਤਾ ਹੈ ਕਿ ਉਸ ਵਿਚ ਗੁਰੂ ਅੰਗਦ ਦੇਵ ਜੀ ਦੀ ਤੇ ਉਹਨਾਂ ਵੱਲੋਂ ਲਗਾਏ ਗਏ ਲੰਗਰ ਦੀ ਉਸਤਤਿ ਕੀਤੀ ਗਈ ਹੈ। ਜਿਥੇ ਗੁਰਬਾਣੀ ਵਿਚ ਪੌਰਾਣਿਕ ਪਾਤਰਾਂ, ਨਾਇਕਾਂ ਅਤੇ ਖਲਨਾਇਕਾਂ ਦਾ ਵਰਣਨ ਹੈ। ਉਹਨਾਂ ਦੇ ਜੀਵਨ ਬਾਰੇ ਇਸ਼ਾਰੇ ਹਨ ਪਰ ਸੱਤਾ ਤੇ ਬਲਵੰਡ ਦੀ ਵਾਰ ਵਿਚ ਮਾਤਾ ਖੀਵੀ ਜੀ ਦੀ ਸੇਵਾ ਤੇ ਸਿਮਰਨ ਦੀ ਉਸਤਤਿ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮੱਧ ਯੁਗ ਅਰਥਾਤ ਗੁਰੂ ਕਾਲ ਦੀ ਇਕੋ ਇਕ ਮਹਿਲਾ ਮਾਤਾ ਖੀਵੀ ਜੀ ਦਾ ਨਾਮ ਹੈ। ਇਸ ਵਾਰ ਵਿਚ ਸਲੋਕ ਕੋਈ ਨਹੀਂ ਤੇ ਨਾ ਹੀ ਪੌੜੀ ਹੈ ਪਰ ਵਾਰ ਪੌੜੀ ਦੀ ਛੰਦ ਦੀ ਤਰਜ਼ ਤੇ ਹੈ। ਜਿਸ ਵਿਚ ਤਿੰਨ ਸ਼ਬਦ ਸੱਤੇ ਦੇ ਤੇ ਬਲਵੰਡ ਦੇ ਪੰਜ ਸ਼ਬਦ ਹਨ, ਕੁੱਲ ਅੱਠ ਸ਼ਬਦ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੀ ਬਾਣੀ ਗੁਰੂ ਨਾਨਕ ਦੇਵ ਜੀ ਦੇ ਨਾਂ ਥੱਲੇ ਹੈ। ਬਾਕੀ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਆਪਣਾ ਨਾਂ ਨਹੀਂ ਲਿਖਿਆ। ਪਹਿਲੇ ਪੰਜ ਗੁਰੂ, ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਨਾਂ ਭੱਟਾਂ ਨੇ ਆਪਣੇ ਸਵੱਈਆਂ ਵਿਚ ਹਨ ਤੇ ਗੁਰੂ ਸਾਹਿਬਾਨ ਦੀ ਉਸਤਤਿ ਕੀਤੀ ਹੈ। ਗੁਰੂ ਤੇਗ ਬਹਾਦਰ ਜੀ ਦਾ ਨਾਂ ਸਵੱਈਆਂ ਵਿਚ ਨਹੀਂ ਆਇਆ ਕਿਉਂ ਕਿ ਇਹ ਬਾਣੀ ਗੁਰੂ ਤੇਗ ਬਹਾਦਰ ਜੀ ਦੀ ਭੱਟਾਂ ਤੋਂ ਬਾਅਦ ਵਿਚ ਲਿਖੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਬਾਵਨ ਅੱਖਰੀਆਂ ਹਨ। ਬਾਵਨ ਅੱਖਰੀ ਵੀ ਇਕ ਕਾਵਿ ਰੂਪ ਹੈ ਤੇ ਹੋਰ ਜ਼ਬਾਨਾਂ ਵਿਚ ਵੀ ਬਾਵਨ ਅੱਖਰੀਆਂ ਮਿਲਦੀਆਂ ਹਨ ਜਿਸ ਦਾ ਅਰਥ ਹੈ ਕਿ ਇਕੱਲੇ ਇਕੱਲੇ ਅੱਖਰਾਂ ਰਾਹੀਂ ਜੀਵ ਨੂੰ ਗਿਆਨ ਕਰਵਾਇਆ ਗਿਆ ਹੈ। ਗੁਰੂ ਅਰਜਨ ਦੇਵ ਜੀ ਦੀ ਰਾਗ ਆਸਾ ਵਿਚ ਬਾਵਨ ਅੱਖਰੀ ਹੈ ਜਿਸ ਦੇ 55 ਸ਼ਬਦ ਹਨ। ਇਸੇ ਤਰ੍ਹਾਂ ਕਬੀਰ ਜੀ ਦੀ ਬਾਵਨ ਅੱਖਰੀ ਵੀ ਰਾਗ ਆਸਾ ਵਿਚ ਹੀ ਹੈ ਜਿਸ ਦੇ 45 ਸ਼ਬਦ ਹਨ। ਇਸੇ ਤਰ੍ਹਾਂ 2 ਬਾਰਾਂਮਾਹੇ ਹਨ। ਇਕ ਬਾਰਾਂਮਾਹਾ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਝ ਵਿਚ ਹੈ ਜੋ ਮਾਝ ਮਹਲਾ ਪੰਜਵਾਂ ਦੇ ਸਿਰਲੇਖ ਹੇਠ ਲਿਖਿਆ ਹੋਇਆ ਹੈ ਜਿਸ ਦਾ ਸੰਗਰਾਂਦ ਵਾਲੇ ਦਿਨ ਪਾਠ ਕੀਤਾ ਜਾਂਦਾ ਹੈ। ਦੂਜਾ ਬਾਰਾਂਮਾਹਾ ਗੁਰੂ ਨਾਨਕ ਦੇਵ ਜੀ ਦਾ ਜਿਹੜਾ ਬਾਰਾਂਮਾਹਾ ਤੁਖਾਰੀ ਮਹਲਾ ਇਕ ਦੇ ਸਿਰਲੇਖ ਅਧੀਨ ਹੈ। ਇਹ ਬਾਰਾਂਮਾਹਾ ਰੁੱਤਾਂ ਅਨੁਸਾਰ ਲਿਖਿਆ ਹੋਇਆ ਹੈ ਪਰ ਇਸ ਦਾ ਸੰਗਰਾਂਦ ਵਾਲੇ ਦਿਨ ਪਾਠ ਨਹੀਂ ਕੀਤਾ ਜਾਂਦਾ ਕਿਉਂ ਕਿ ਇਹ ਗੁਰੂ ਅਰਜਨ ਦੇਵ ਜੀ ਦੇ ਬਾਰਾਂਮਾਹ ਨਾਲੋਂ ਮੁਸ਼ਕਿਲ ਹੈ ਤੇ ਅਰਥ ਵੀ ਸਮਝ ਨਹੀਂ ਆਉਂਦੇ ਪਤਾ ਨਹੀਂ ਇਸ ਕਰਕੇ ਹੀ ਸੰਗਰਾਂਦ ਨੂੰ ਨਹੀਂ ਪੜ੍ਹਿਆ ਜਾਂਦਾ।

*ਸਿਧਗੋਸ਼ਟ*

ਸਿਧਗੋਸ਼ਟ ਗੁਰੂ ਨਾਨਕ ਦੇਵ ਜੀ ਦੀ ਇਕ ਪ੍ਰਸਿੱਧ ਰਚਨਾ ਹੈ। ਇਹ ਅੰਗ 938 ਤੋਂ 946 ਤੱਕ ਹੈ। ਇਹ ਸਿੱਧਾਂ ਨਾਲ ਗਿਆਨ ਚਰਚਾ ਹੈ। ਇਸ ਵਿਚ 72 ਸਵਾਲ ਸਿੱਧਾਂ ਅਤੇ ਗੁਰੂ ਜੀ ਵਿਚਕਾਰ ਹੁੰਦੇ ਹਨ। 64 ਸਵਾਲ ਜੀਵ ਤੇ ਮਨ ਦੇ ਪ੍ਰਤੀ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਅਨੁਸਾਰ ਇਹ ਸਿੱਧ ਗੋਸ਼ਟ ਅਚਲ ਬਟਾਲੇ ਸ਼ਿਵਰਾਤਰੀ ਦੇ ਮੇਲੇ ਤੇ ਹੋਈ ਦੱਸੀ ਗਈ ਹੈ।

ਜਿਥੋਂ ਤੱਕ ਸ਼ਹਿਰਾਂ ਤੇ ਕਸਬਿਆਂ ਦਾ ਸਬੰਧ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੇਵਲ 9 ਕਸਬੇ ਤੇ ਸ਼ਹਿਰਾਂ ਦੇ ਨਾਂ ਹਨ ਜਿਵੇਂ ਕਾਂਸ਼ੀ, ਮਗਹਰ, ਦੁਆਰਕਾ, ਕੁਲਖੇਤ (ਕੁਰੂਕਸ਼ੇਤਰ), ਅੰਮ੍ਰਿਤਸਰ, ਲਾਹੌਰ, ਕਰਤਾਰਪੁਰ, ਫੇਰੂਆਣ ਤੇ ਖਡੂਰ ਸਾਹਿਬ। ਖਡੂਰ ਸਾਹਿਬ ਦੀ ਖਾਸ ਮਹੱਤਤਾ ਇਹ ਹੈ ਕਿ ਉਸ ਸਥਾਨ ਨੂੰ ਨੌਂ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਹੋਰ ਕਿਸੇ ਥਾਂ ਵੀ ਨੌਂ ਗੁਰੂ ਸਾਹਿਬਾਨ ਦੇ ਚਰਨ ਨਹੀਂ ਪਏ। ਕੇਵਲ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਖਡੂਰ ਸਾਹਿਬ ਨੂੰ ਪ੍ਰਾਪਤ ਨਹੀਂ ਹੋਈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਥੇ ਉਸ ਸਮੇਂ ਦੇ ਧਾਰਮਿਕ ਹਾਲਾਤ, ਰਾਜਨੀਤਿਕ ਹਾਲਾਤ, ਸਮਾਜਿਕ ਹਾਲਾਤ ਅਤੇ ਆਰਥਿਕ ਹਾਲਾਤ ਦਾ ਵਰਣਨ ਵੀ ਹੈ ਉਥੇ ਭਾਰਤੀ ਸਮੇਂ ਦੀ ਵੰਡ ਪ੍ਰਣਾਲੀ ਦਾ ਵੀ ਵਰਣਨ ਦਿੱਤਾ ਗਿਆ ਹੈ ਪਰ ਅਸੀਂ ਪੱਛਮੀ ਸੱਭਿਅਤਾ ਦੇ ਅਧੀਨ ਸਮਾਜਿਕ ਰਿਸ਼ਤੇ ਜਿਵੇਂ ਮੰਮੀ, ਡੈਡੀ ਤੇ ਅੰਕਲ ਨੇ ਖਤਮ ਕਰ ਦਿੱਤੇ। ਸੰਗੀਤ ਧੁਨਾਂ ਤੇ ਪੱਛਮੀ ਪਹਿਰਾਵੇ ਨੇ ਸਾਡਾ ਗੀਤ ਸੰਗੀਤ ਤੇ ਪਹਿਰਾਵਾ

ਵੀ ਨਿਗਲ ਲਿਆ ਉਥੇ ਅਸੀਂ ਭਾਰਤੀ ਸਮੇਂ ਦੀ ਵੰਡ ਪ੍ਰਣਾਲੀ ਵੀ ਵਿਸਾਰ ਚੁੱਕੇ ਹਾਂ। ਇਹ ਘੰਟੇ ਮਿੰਟ ਅਤੇ ਸਕਿੰਟ ਪੱਛਮੀ ਜਾਂ ਯੂਰਪ ਦੀ ਸਮਾਂ ਵੰਡ ਪ੍ਰਣਾਲੀ ਹੈ। ਗੁਰੂ ਨਾਨਕ ਦੇਵ ਜੀ ਨੇ ਰਾਗ ਆਸਾ ਵਿਚ ਸਮੇਂ ਦੀ ਵੰਡ ਪ੍ਰਣਾਲੀ ਦਾ ਵਰਣਨ ਕੀਤਾ ਹੈ ਜੋ ਕਿ ਗੁਰਦੁਆਰਿਆਂ ਵਿਚ ਸ਼ਾਮ ਨੂੰ ਸੋਹਿਲਾ ਦੇ ਪਾਠ ਵਿਚ ਅਰਦਾਸ ਤੋਂ ਪਿਛੋਂ ਪੜ੍ਹਿਆ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ (ਰਾਗ ਆਸਾ ਮਹਲਾ ਪਹਿਲਾ ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ) ਸੋ ਭਾਰਤੀ ਸਮੇਂ ਦੀ ਪ੍ਰਾਚੀਨ ਵੰਡ ਪ੍ਰਣਾਲੀ ਇਸ ਪ੍ਰਕਾਰ ਦੱਸੀ ਜਾਂਦੀ ਹੈ।

| | |
|---|---|
| 15 ਵਾਰ ਪਲਕ ਦਾ ਝਪਕਣਾ | ਇਕ ਵਿਸਾ |
| 15 ਵਿਸੇ | ਇਕ ਚਸਾ |
| 30 ਚਸੇ | ਇਕ ਪਲ |
| 60 ਪਲ | ਇਕ ਘੜੀ |
| 7-1/2 ਘੜੀਆਂ | ਇਕ ਪਹਿਰ |
| 8 ਪਹਿਰ | ਇਕ ਰਾਤ ਦਿਨ |
| 7 ਦਿਨ | ਇਕ ਸਪਤਾਹ |
| 4 ਸਪਤਾਹ | ਇਕ ਮਹੀਨਾ |
| 12 ਮਹੀਨੇ ਜਾਂ 365 ਦਿਨ | ਇਕ ਸਾਲ |

ਸਾਲਾਂ ਦੀ ਵੱਡੀ ਗਿਣਤੀ ਅੱਗੇ ਯੁੱਗਾਂ ਵਿਚ ਕੀਤੀ ਗਈ ਹੈ। ਜਿਵੇਂ ਕਿ

| | |
|---|---|
| ਸਤਿਯੁਗ | 1728000 ਸਾਲ |
| ਤ੍ਰੇਤਾ ਯੁਗ | 1296000 ਸਾਲ |
| ਦੁਆਪਰ ਯੁਗ | 86400 ਸਾਲ |
| ਕਲਯੁਗ | 432000 ਸਾਲ |

ਇਹਨਾਂ ਚਾਰ ਯੁਗਾਂ ਦੀ ਚੌਕੜੀ ਨੂੰ ਇਕ ਮਹਾਂਯੁਗ ਕਿਹਾ ਜਾਂਦਾ ਹੈ। ਜਿਸ ਦੀ ਉਮਰ 43,20,000 ਸਾਲ ਹੈ। ਵਿਹਾਰਿਕ ਭੌਤਿਕ ਕਾਲ ਨੂੰ ਇਕ ਲੰਬਾਈ ਮੰਨ ਕੇ ਇਸ ਨੂੰ ਯੁਗਾਂ ਵਿਚ ਵੰਡਿਆ ਗਿਆ ਹੈ। ਆਸਾ ਦੀ ਵਾਰ ਵਿਚ ਹਰੇਕ ਯੁਗ ਦੇ ਵਿਸ਼ੇਸ਼ ਲੱਛਣ ਨਿਸ਼ਚਿਤ ਕੀਤੇ ਗਏ ਹਨ। ਇਹ ਕਰਮ ਕੇਵਲ ਭਾਰਤੀ ਵਿਚਾਰਧਾਰਾ ਵਿਚ ਹੀ ਸੀਮਤ ਨਹੀਂ ਸਗੋਂ ਸਾਰੀਆਂ ਪੁਰਾਤਨ ਸੱਭਿਅਤਾਵਾਂ ਵਿਚ ਯੁਗ ਵੰਡ ਪ੍ਰਾਪਤ ਹੈ। ਵਰਤਮਾਨ ਕਲਯੁਗ 17 ਫਰਵਰੀ 3102 ਪੂ. ਈ. ਨੂੰ ਸ਼ੁਰੂ ਹੋਇਆ ਦੱਸਿਆ ਜਾਂਦਾ ਹੈ ਜਿਸ ਨੂੰ ਹੁਣ ਤਕਰੀਬਨ 5110 ਸਾਲ ਹੋ ਗਏ ਹਨ ਜਿਸ ਦੀ ਕੁੱਲ ਉਮਰ 4320001 ਮਨੁੱਖੀ ਸਾਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਜੀ, ਭਗਤ, ਗੁਰੂ ਘਰ ਦੇ ਸ਼ਰਧਾਲੂ ਅਤੇ ਭੱਟਾਂ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ।

| ***ਗੁਰੂ ਜੀ*** | ***ਸ਼ਬਦ*** |
|---|---|
| 1 ਗੁਰੂ ਨਾਨਕ ਦੇਵ ਜੀ | 974 |
| 2 ਗੁਰੂ ਅੰਗਦ ਦੇਵ ਜੀ | 62 |
| 3 ਗੁਰੂ ਅਮਰਦਾਸ ਜੀ | 679 |
| 4 ਗੁਰੂ ਰਾਮਦਾਸ ਜੀ | 907 |
| 5 ਗੁਰੂ ਅਰਜਨ ਦੇਵ ਜੀ | 2218 |
| 6 ਗੁਰੂ ਤੇਗ ਬਹਾਦਰ ਜੀ | 116 |
| ***ਗੁਰੂ ਘਰ ਦੇ ਸ਼ਰਧਾਲੂ*** | ***ਸ਼ਬਦ*** |
| 1 ਭਾਈ ਮਰਦਾਨਾ ਜੀ | 3 |
| 2 ਬਾਬਾ ਸੁੰਦਰ ਜੀ | 6 |
| 3 ਸੱਤਾ ਜੀ | 3 |
| 4 ਭੱਟ ਜੀ, ਬਲਵੰਡ ਜੀ | 5 |
| ***ਭਗਤ ਜਨ*** | |
| 1 ਕਬੀਰ ਜੀ | 541 |
| 2 ਫਰੀਦ ਜੀ | 116 |
| 3 ਨਾਮਦੇਵ ਜੀ | 61 |
| 4 ਰਵਿਦਾਸ ਜੀ | 40 |
| 5 ਤ੍ਰਿਲੋਚਣ ਜੀ | 4 |
| 6 ਬੈਣੀ ਜੀ | 3 |
| 7 ਧੰਨਾ ਜੀ | 3 |
| 8 ਜੈ ਦੇਵ ਜੀ | 2 |
| 9 ਭੀਖਣ ਜੀ | 2 |
| 10 ਸੈਣ ਜੀ | 1 |
| 11 ਪੀਪਾ ਜੀ | 1 |
| 12 ਸਧਨਾ ਜੀ | 1 |
| 13 ਰਾਮਾ ਨੰਦ ਜੀ | 1 |
| 14 ਪਰਮਾਨੰਦ ਜੀ | 1 |
| 15 ਸੂਰਦਾਸ ਜੀ | 1 |
| 1 ਕਲਸਹਾਰ | 54 |
| 2 ਜਾਲਪ ਜੀ | 5 |
| 3 ਕੀਰਤ ਜੀ | 8 |
| 4 ਸੱਲ ਜੀ | 3 |
| 5 ਭੱਲ ਜੀ | 1 |
| 6 ਨਲ ਜੀ | 16 |
| 7 ਭੀਖਾ ਜੀ | 2 |

| | |
|---|---|
| 8 ਗਯੰਦ ਜੀ | 13 |
| 9 ਬੱਲ ਜੀ | 5 |
| 10 ਹਰਿਬੰਸ ਜੀ | 2 |
| 11 ਮਥਰਾ ਜੀ | 12 |

ਇਸ ਤਰ੍ਹਾਂ ਸਾਰੇ ਸ਼ਬਦਾਂ ਦਾ ਜੋੜ 5871 ਬਣਦਾ ਹੈ। ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਅਨੁਸਾਰ ਸ਼ਬਦਾਂ ਦੀ ਗਿਣਤੀ 5867 ਹੈ। ਜਿਆਦਾਤਰ ਇਸ ਗਿਣਤੀ ਦੇ ਫਰਕ ਦਾ ਕਾਰਨ ਗਿਣਤੀ ਢੰਗ ਦਾ ਵਖਰੇਵਾਂ ਹੈ ਹੋਰ ਕੋਈ ਅੰਤਰ ਨਹੀਂ। ਗਿਆਨੀ ਗਿਆਨ ਸਿੰਘ ਜੀ ਦੀ ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰਾਂ ਦੀ ਗਿਣਤੀ 9100224 ਦੱਸੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਗਿਣਤੀ ਦੀ ਤਰਤੀਬ ਵਿਚ ਵਿਦਵਾਨਾਂ ਦਾ ਆਪਣਾ ਆਪਣਾ ਗਿਣਤੀ ਦਾ ਢੰਗ ਹੈ ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ੧ਓ ਤੋਂ ਲੈ ਕੇ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗ ਦੀ ਤੋਈ (ਅੰਗ 1429) ਤੱਕ ਸੰਪੂਰਨ ਹੈ ਤੇ ਸੰਪੂਰਨ ਹੀ ਰਹੇਗੀ ਕੋਈ ਵਾਧਾ ਘਾਟਾ ਨਹੀਂ ਹੋਇਆ ਤੇ ਨਾਂ ਹੀ ਹੋ ਸਕੇਗਾ।

***ਬੀੜ ਦਾ ਛਪਣਾ***

ਪਹਿਲਾਂ ਬੀੜ ਵਿਦਵਾਨ ਹੱਥ ਨਾਲ ਲਿਖਦੇ ਸਨ ਜਿਸ ਦੀ ਭੇਟਾ 101 ਤੋਂ ਲੈ ਕੇ 1001 ਰੁਪਏ ਤੱਕ ਲਈ ਜਾਂਦੀ ਸੀ। ਇਸ ਕਾਰਜ ਵਿਚ ਸਮਾਂ ਬਹੁਤ ਲਗਦਾ ਸੀ। ਕਈ ਮਹੀਨੇ ਲੰਘ ਜਾਂਦੇ ਸਨ।

ਸੰਨ 1860 ਵਿਚ ਕੋਹਿਨੂਰ ਯਤ੍ਰਾਇਲ ਪ੍ਰੈਸ ਲਾਹੌਰ ਦਰਵਾਜਾ ਸ਼ੇਰਾਂ ਦਾ ਮਾਲਕ ਲਾਲਾ ਹਰ ਮੁੱਖ ਰਾਏ ਨੇ ਅਕਾਲ ਤਖ਼ਤ ਸਾਹਿਬ ਤੇ ਬੇਨਤੀ ਕੀਤੀ ਕਿ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਛਾਪਣਾ ਚਾਹੁੰਦਾ ਹਾਂ। ਜਥੇਦਾਰਾਂ ਨੇ ਮਿਲ ਕੇ ਫੈਸਲਾ ਕੀਤਾ ਤੇ ਛਾਪਣ ਦੀ ਮਨਜ਼ੂਰੀ ਦੇ ਦਿੱਤੀ। ਤੇ ਫਿਰ ਵਿਚਾਰ ਹੋਈ ਕਿ ਕਿਹੜੀ ਬੀੜ ਛਾਪੀ ਜਾਵੇ ? ਭਾਈ ਗੁਰਦਾਸ ਜੀ ਵਾਲੀ ਬੀੜ, ਭਾਈ ਬੰਨੋ ਜੀ ਵਾਲੀ ਬੀੜ ਛਾਪੀ ਜਾਵੇ ਜਾਂ ਦਮਦਮੀ ਬੀੜ ਸਾਹਿਬ। ਤਿੰਨਾਂ ਬੀੜਾਂ ਦੇ ਨਾਂ ਪਰਚੀਆਂ ਤੇ ਲਿਖ ਕੇ ਹਰਿ ਦੀ ਪੌੜੀ ਵਿਖੇ ਸਰੋਵਰ ਵਿਚ ਡੋਬ ਦਿੱਤੇ ਤੇ ਫੈਸਲਾ ਕੀਤਾ ਕਿ ਜਿਹੜੀ ਪਰਚੀ ਪਹਿਲਾਂ ਨਿਕਲੇ ਉਹੀ ਬੀੜ ਛਾਪੀ ਜਾਵੇਗੀ। ਕੋਈ ਦੋ ਘੰਟੇ ਪਿਛੋਂ ਇਕ ਪਰਚੀ ਨਿਕਲ ਆਈ ਜਿਸ ਨੂੰ ਸੇਵਾਦਾਰ ਸਰੋਵਰ ਵਿਚੋਂ ਕੱਢ ਕੇ ਲੈ ਆਇਆ ਤੇ ਸੰਗਤ ਵਿਚ ਪੜ੍ਹੀ ਗਈ ਜਿਸ ਤੇ ਦਮਦਮੀ ਬੀੜ ਦਾ ਨਾਂ ਲਿਖਿਆ ਹੋਇਆ ਸੀ। ਭਾਈ ਤਾਰਾ ਸਿੰਘ ਜੀ ਬੜੇ ਵਿਚਾਰਵਾਨ ਸਨ ਉਹਨਾਂ ਦੀ ਸੋਧ ਕੇ ਲਿਖੀ ਹੋਈ ਦਮਦਮੀ ਬੀੜ 1864 ਵਿਚ ਛਾਪ ਦਿੱਤੀ ਗਈ। ਇਹ ਛਾਪੇਖਾਨੇ ਛਾਪੀ ਹੋਈ ਪਹਿਲੀ ਬੀੜ ਸੀ ਜਿਸ ਨੂੰ ਲੜੀਵਾਰ ਜਾਂ ਸੰਗਲੀ ਵਾਲੀ ਬੀੜ ਕਿਹਾ ਜਾਂਦਾ ਹੈ। ਇਸ ਦੇ ਪਿਛੋਂ 20ਵੀਂ ਸਦੀ ਦੇ ਪਹਿਲੇ ਅੱਧ ਵਿਚ ਬਾਬੂ ਤੇਜਾ ਸਿੰਘ ਜੀ ਭਸੌੜ ਵਾਲਿਆਂ ਨੇ ਪਦ-ਛੇਦ ਬੀੜ ਛਪਵਾਈ ਜਿਸ ਤੇ ਉਸ ਸਮੇਂ ਇਤਰਾਜ਼ ਵੀ ਹੋਏ ਪਰ ਪਿਛੋਂ ਜਾ ਕੇ ਇਸ ਨੂੰ ਮਾਨਤਾ ਮਿਲ ਗਈ। ਇਹ ਦਮਦਮੀ ਬੀੜ ਹੁਣ ਗੱਦੀ ਤੇ ਬਿਰਾਜਮਾਨ ਹੈ।

ਅਖੀਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਅਤੇ ਸੰਗਤ ਕੋਲੋਂ ਹੋਈਆਂ ਭੁੱਲਾਂ ਦੀ ਮਾਫ਼ੀ ਮੰਗਦਾ ਹਾਂ।


***ਸਹਾਇਕ ਪੁਸਤਕਾਂ***

1 ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਆਪ।

2 ਗੁਰੁ ਗ੍ਰੰਥ ਰਤਨਾਵਲੀ ਪੰਜਾਬੀ ਯੂਨੀਵਰਸਿਟੀ, ਪਟਿਆਲਾ।

3 ਮਹਾਨ ਕੋਸ਼ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ।

4 ਤਵਾਰੀਖ ਖਾਲਸਾ ਗਿਆਨੀ ਗਿਆਨ ਸਿੰਘ ਜੀ।

5 ਮੁੰਦਾਵਣੀ ਗਿਆਨੀ ਗੁਰਦਿੱਤ ਸਿੰਘ ਜੀ।

6 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਾਸਿਕ ਪੱਤਰ (ਗੁਰਮਤਿ ਪ੍ਰਕਾਸ਼)

7 ਸਿੱਖਾਂ ਦੀ ਭਗਤ ਮਾਲਾ ਭਾਈ ਮਨੀ ਸਿੰਘ ਜੀ ਸ਼ਹੀਦ।

8 ਸਾਹਿਤ ਕੋਸ਼ ਪੰਜਾਬ ਯੂਨੀਵਰਸਿਟੀ।

9 ਬੰਸਾਵਲੀ ਨਾਮਾ ਭਾਈ ਕੇਸਰ ਸਿੰਘ ਛਿੱਬਰ।

10 ਗੁਰੂ ਨਾਨਕ ਸ਼ਬਦ ਰਤਨਾਕਰ ਭਾਸ਼ਾ ਵਿਭਾਗ ਪੰਜਾਬ।

11 ਖੋਜ ਪੱਤ੍ਰਿਕਾ ਗੁਰੂ ਅਮਰਦਾਸ ਜੀ ਵਿਸ਼ੇਸ਼ ਅੰਕ ਸਤੰਬਰ 1979 ।



*ਡਾਕ. ਉੜਦਨ ਵਾ: ਮਾਣਕਪੁਰ ਜਿਲ੍ਹਾ ਪਟਿਆਲਾ*



ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ, ਨਵੀਂ ਦਿੱਲੀ 110 060 ਫੋਨ : 25862955**

# ਸੰਗੀਤ ਕਲਾ : ਇਕ ਵਿਵੇਚਨ

ਡਾ. ਹਰਮਿੰਦਰ ਕੌਰ

ਭਾਰਤੀ ਸਭਿਆਚਾਰ ਵਿਚ ਕਲਾਵਾਂ ਨੂੰ ਉਤਮ ਸਥਾਨ ਪ੍ਰਾਪਤ ਹੈ। ਮਨੁੱਖੀ ਭਾਵਨਾਵਾਂ ਅਤੇ ਕਿਰਿਆਵਾਂ ਨੂੰ ਕਿਸੇ ਵਿਸ਼ੇਸ਼ ਮਾਧਿਅਮ ਦੀ ਸਹਾਇਤਾ ਨਾਲ ਸ਼ਿੰਗਾਰ ਕੇ ਪੇਸ਼ ਕਰਨ ਦੀ ਪ੍ਰੀਕਿਰਿਆ ਨੂੰ ਕਲਾ ਦਾ ਨਾਮ ਦਿੱਤਾ ਜਾਂਦਾ ਹੈ। ਕਲਾ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ 'ਕਮ' ਅਤੇ 'ਲਾ' ਸ਼ਬਦਾਂ ਦੇ ਮੇਲ ਤੋਂ ਹੋਈ ਹੈ। 'ਕਮ' ਦਾ ਅਰਥ ਹੈ ਪ੍ਰਸੰਨਤਾ, ਖੁਸ਼ੀ, ਆਨੰਦ ਅਤੇ 'ਲਾ' ਦਾ ਅਰਥ ਹੈ ਲੈਣਾ, ਪ੍ਰਾਪਤ ਕਰਨਾ, ਗ੍ਰਹਿਣ ਕਰਨਾ। ਇਸ ਤਰ੍ਹਾਂ ਜਿਸ ਕਿਰਿਆ ਤੋਂ ਆਨੰਦ ਪ੍ਰਾਪਤ ਹੁੰਦਾ ਹੈ, ਉਸ ਨੂੰ ਕਲਾ ਕਿਹਾ ਜਾਂਦਾ ਹੈ।

ਅਸਲ ਵਿਚ ਮਨੁੱਖ ਦੇ ਅੰਦਰ ਸੁਹਜ ਬੋਧ ਦਾ ਪਾਸਾਰ ਹੀ ਕਲਾ ਹੈ। ਕਲਾ ਦੇ ਇਸੇ ਚਾਨਣ ਵਿਚੋਂ ਮਨੁੱਖ ਨੂੰ ਅਨੰਤ ਸੁੰਦਰਤਾ ਦਾ ਅਹਿਸਾਸ ਹੁੰਦਾ ਹੈ, ਜੋ ਪਰਮਾਨੰਦ ਦੀ ਪ੍ਰਾਪਤੀ ਦਾ ਮਾਰਗ ਹੈ। ਆਮ ਤੌਰ 'ਤੇ ਕਲਾਵਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1 ਲਲਿਤ ਕਲਾਵਾਂ ਭਾਵ ਸੌਂਦਰਯ ਕਲਾਵਾਂ

2 ਉਪਯੋਗੀ ਕਲਾਵਾਂ ਭਾਵ ਉਦਯੋਗਿਕ ਕਲਾਵਾਂ। ਲਲਿਤ ਕਲਾਵਾਂ ਦਾ ਸਬੰਧ ਮਨੁੱਖੀ ਭਾਵਨਾਵਾਂ ਨਾਲ ਹੁੰਦਾ ਹੈ, ਜਦੋਂ ਕਿ ਉਪਯੋਗੀ ਕਲਾਵਾਂ ਦਾ ਸਬੰਧ ਵਿਅਕਤੀ ਦੀਆਂ ਭੌਤਿਕ ਲੋੜਾਂ ਨਾਲ ਹੈ।

ਇਨਸਾਇਕਲੋਪੀਡੀਆ ਬ੍ਰਿਟੇਨਿਕਾ ਵਿਚ ਲਲਿਤ ਕਲਾ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਹੈ :

'ਲਲਿਤ ਕਲਾਵਾਂ ਉਹ ਹਨ ਜਿਨ੍ਹਾ ਦਾ ਅੰਤਿਮ ਉਦੇਸ਼ ਸੌਂਦਰਯ ਦੀ ਅਨੁਭੂਤੀ ਹੈ ਅਤੇ ਇਨ੍ਹਾ ਦਾ ਸੁੰਦਰਤਾ ਦੇ ਨਾਲ ਗਹਿਰਾ ਸਬੰਧ ਹੈ।'

ਕਲਾਕਾਰ ਦੀ ਭਾਵਪੂਰਨ ਕਾਰਜ ਕਰਨ ਦੀ ਯੋਗਤਾ ਅਤੇ ਸੂਖਮ ਚੇਤਨਾ ਦੀ ਆਨੰਦਮਈ ਅਭਿਵਿਅਕਤੀ ਜਾਂ ਪ੍ਰਗਟਾਵਾ ਹੀ ਲਲਿਤ ਕਲਾ ਹੈ। ਮੁੱਖ ਰੂਪ ਵਿਚ ਲਲਿਤ ਕਲਾਵਾਂ ਪੰਜ ਮੰਨੀਆਂ ਗਈਆਂ ਹਨ – ਸੰਗੀਤ ਕਲਾ, ਕਾਵਿ ਕਲਾ, ਚਿੱਤਰ ਕਲਾ, ਮੂਰਤੀ ਕਲਾ, ਵਾਸਤੂ ਕਲਾ। ਇਨ੍ਹਾਂ ਵਿਚੋਂ ਚਿੱਤਰ ਕਲਾ, ਮੂਰਤੀ ਕਲਾ ਅਤੇ ਵਾਸਤੂ ਕਲਾ ਦਾ ਸਬੰਧ ਦ੍ਰਿਸ਼ ਨਾਲ ਹੈ ਜਦੋਂ ਕਿ ਸੰਗੀਤ ਅਤੇ ਕਾਵਿ ਕਲਾ ਸ੍ਰਵਣ ਕਲਾਵਾਂ ਹਨ। ਸਾਰੀਆਂ ਕਲਾਵਾਂ ਅਧਿਆਤਮਕ ਅਨੁਭਵ ਕਰਵਾਉਣ ਦੇ ਸਮਰਥ ਹਨ। ਮਾਧਿਅਮ ਅਤੇ ਅਭਿਵਿਅਕਤੀ ਦੀ ਸੂਖਮਤਾ ਦੇ ਅਧਾਰ 'ਤੇ ਇਨ੍ਹਾਂ ਦਾ ਕ੍ਰਮ ਨਿਸ਼ਚਿਤ ਕੀਤਾ ਜਾਂਦਾ ਹੈ। ਸਮੂਹ ਲਲਿਤ ਕਲਾਵਾਂ ਵਿਚੋਂ ਸੰਗੀਤ ਕਲਾ ਨੂੰ ਉਤਮ ਮੰਨਿਆ ਗਿਆ ਹੈ।

***ਸੰਗੀਤ ਕਲਾ : ਸੁਹਜਾਤਮਕ ਅਤੇ ਬੌਧਿਕ ਵਿਵੇਚਨ***

ਸੰਗੀਤ ਮਨੁੱਖੀ ਸਮਾਜ ਅਤੇ ਸੰਸਕ੍ਰਿਤੀ ਦੀ ਇਕ ਕਲਾਤਮਕ ਉਪਲਪਧੀ ਹੈ। ਇਹ ਸੁਰ ਅਤੇ ਲੈਅ ਪ੍ਰਧਾਨ ਕਲਾ, ਸਭਿਆਚਾਰਕ ਪਰੰਪਰਾਵਾਂ ਦਾ ਇਕ ਮੂਰਤੀਮਾਨ ਪ੍ਰਤੀਕ ਹੈ, ਭਾਵਨਾ ਦੀ ਉਤਮ ਕ੍ਰਿਤੀ ਹੈ ਅਤੇ ਅਮੂਰਤ ਭਾਵਨਾਵਾਂ ਨੂੰ ਮੂਰਤ ਰੂਪ ਦੇਣ ਦਾ ਮਾਧਿਅਮ ਹੈ। ਸੰਗੀਤ ਗਾਇਨ ਮਨੁੱਖ ਲਈ ਉਨਾ ਹੀ ਸੁਭਾਵਿਕ ਹੈ, ਜਿੰਨਾ ਕਿ ਬੋਲਣਾ ਜਾਂ ਗੱਲ ਬਾਤ ਕਰਨਾ। ਮਨੁੱਖ ਜਨਮ ਤੋਂ ਲੈ ਕੇ ਅੰਤ ਤੱਕ ਕਿਸੇ ਨਾ ਕਿਸੇ ਰੂਪ ਵਿਚ ਸੰਗੀਤ ਕਲਾ ਨਾਲ ਜੁੜਿਆ ਰਹਿੰਦਾ ਹੈ। ਹਿਰਦੇ ਦੇ ਸੂਖਮ ਭਾਵਾਂ ਨੂੰ ਨਾਦ ਰਾਹੀਂ ਪ੍ਰਗਟਾਉਣ ਦੀ ਕਲਾ ਸੰਗੀਤ ਹੈ। ਪ੍ਰਚਲਿਤ ਪ੍ਰੀਭਾਸ਼ਾ ਅਨੁਸਾਰ ਸੁਰ ਅਤੇ ਤਾਲ ਨਾਲ ਯੁਕਤ ਉਹ ਸੁੰਦਰ ਰਚਨਾ ਜਿਹੜੀ ਕੰਨਾਂ ਨੂੰ ਮਧੁਰ ਅਤੇ ਸੁਰੀਲੀ ਲੱਗੇ ਅਤੇ ਮਨੁੱਖ ਦੇ ਚਿੱਤ ਨੂੰ ਪ੍ਰਸੰਨ ਕਰੇ, ਉਸਨੂੰ ਸੰਗੀਤ ਕਹਿੰਦੇ ਹਨ। ਭਾਵੇਂ ਮਾਨਤਾ ਪ੍ਰਾਪਤ ਪ੍ਰੀਭਾਸ਼ਾ ਅਨੁਸਾਰ ਸੰਗੀਤ, ਗਾਇਨ, ਵਾਦਨ ਅਤੇ ਨ੍ਰਿਤ ਦਾ ਸੁਮੇਲ ਹੈ ਪਰ ਅਜੋਕੇ ਸਮੇਂ ਵਿਚ ਗਾਇਨ ਅਤੇ ਵਾਦਨ ਨੂੰ ਹੀ ਅਸੀਂ ਸੰਗੀਤ ਕਹਿੰਦੇ ਹਾਂ। ਇਸ ਵਿਚ ਨ੍ਰਿਤ ਦਾ ਹੋਣਾ ਜ਼ਰੂਰੀ ਨਹੀਂ ਸਮਝਿਆ ਜਾਂਦਾ। ਸੰਗੀਤ ਦੀ ਅਲੌਕਿਕ ਸ਼ਕਤੀ ਅੱਗੇ ਸਮੁੱਚਾ ਜਗਤ ਨਤਮਸਤਕ ਹੈ। ਕੇਵਲ ਮਨੋਰੰਜਨ ਹੀ ਨਹੀਂ ਸਗੋਂ ਆਤਮਾ ਨਾਲ ਸੰਵਾਦ ਰਚਾਉਣ ਵਾਲੀ, ਪਰਮਾਤਮਾ ਦੇ ਪ੍ਰਤੱਖ ਦਰਸ਼ਨ ਕਰਾਉਣ ਵਾਲੀ ਤੀਬਰ ਸ਼ਕਤੀ ਸੁਰਾਂ ਵਿਚ ਹੈ।

ਸੰਗੀਤ ਦਾ ਮਾਧਿਅਮ ਨਾਦ ਹੈ। ਨਾਦ ਤੋਂ 'ਸੁਰ' ਅਤੇ ਲੈਅ ਤੋਂ 'ਤਾਲ' ਦੀ ਉਤਪਤੀ ਮੰਨੀ ਜਾਂਦੀ ਹੈ, ਜੋ ਸੰਗੀਤ ਕਲਾ ਦੇ ਪ੍ਰਮੁੱਖ ਤੱਤ ਹਨ। ਆਰੰਭ ਤੋਂ ਹੀ ਸੰਗੀਤ ਦੋ ਧਾਰਾਵਾਂ ਵਿਚ ਪ੍ਰਵਾਹਿਤ ਹੁੰਦਾ ਹੈ – ਇਕ ਉਹ ਜਿਸਦਾ ਪ੍ਰਯੋਗ

ਧਾਰਮਿਕ ਸਮਾਰੋਹਾਂ ਤੇ ਧਾਰਮਿਕ ਵਿਧੀ-ਵਿਧਾਨ ਦੇ ਅੰਤਰਗਤ ਕੀਤਾ ਜਾਂਦਾ ਸੀ ਅਤੇ ਦੂਸਰਾ ਉਹ ਜਿਸਦਾ ਪ੍ਰਯੋਗ ਲੌਕਿਕ ਸਮਾਰੋਹਾਂ ਉਤੇ ਕੀਤਾ ਜਾਂਦਾ ਸੀ, ਇਸ ਦਾ ਉਦੇਸ਼ ਕੇਵਲ ਲੋਕਾਂ ਦਾ ਮਨੋਰੰਜਨ ਕਰਨਾ ਸੀ। ਹਰੇਕ ਕਾਲ ਵਿਚ ਇਹ ਧਾਰਾਵਾਂ ਸਮਾਨੰਤਰ ਰੂਪ ਨਾਲ ਚੱਲਦੀਆਂ ਰਹੀਆਂ ਅਤੇ ਸਮੇਂ ਸਮੇਂ ਤੇ ਇਕ ਦੂਜੇ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ। ਪਹਿਲੀ ਧਾਰਾ ਮਾਰਗੀ ਅਖਵਾਈ ਅਤੇ ਦੂਸਰੀ ਨੂੰ ਦੇਸੀ ਕਿਹਾ ਜਾਣ ਲੱਗਿਆ। ਪਹਿਲੀ ਵਿਚ ਅਨੁਸ਼ਾਸਨ ਸੰਸਕਾਰਾਂ ਅਤੇ ਨਿਯਮਾਂ ਦਾ ਸੀ, ਦੂਸਰੀ ਵਿਚ ਅਨੁਸ਼ਾਸਨ ਲੋਕ ਰੁਚੀ ਦਾ ਸੀ। ਭਾਰਤੀ ਸੰਗੀਤ ਦੀ ਅਰੰਭਿਕ ਅਵਸਥਾ ਵਿਚ ਸਾਮ ਸੰਗੀਤ ਮਾਰਗੀ ਸੰਗੀਤ ਸੀ ਅਤੇ ਗੰਧਰਵ ਦੇਸੀ ਸੰਗੀਤ ਸੀ। ਸਾਮ ਵੈਦਿਕ ਮਹਾਂਰਿਸ਼ੀਆਂ ਦਾ ਸੰਗੀਤ ਸੀ ਅਤੇ ਗੰਧਰਵ ਸੰਗੀਤ ਪੇਸ਼ੇਵਰ ਸੰਗੀਤਕਾਰਾਂ ਦੁਆਰਾ, ਜੋ ਗੰਧਰਵ ਕਹਾਉਂਦੇ ਸਨ, ਗਾਇਆ ਜਾਣ ਵਾਲਾ ਸੰਗੀਤ ਸੀ। ਅੱਜ ਵੀ ਸੰਗੀਤ ਦੇ ਉਹੀ ਦੋਨੋਂ ਰੂਪ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦੇ ਰੂਪ ਵਿਚ ਪ੍ਰਚਲਿਤ ਹਨ।

*1. **ਸ਼ਾਸਤਰੀ ਸੰਗੀਤ** :* ਇਹ ਸੰਗੀਤ ਦਾ ਉਹ ਰੂਪ ਹੈ ਜਿਸਦਾ ਵਿਧੀਵਤ ਸ਼ਾਸਤਰ ਅਤੇ ਨਿਯਮਾਵਲੀ ਹੈ। ਸੁਰ ਅਤੇ ਲੈਅ ਦੇ ਮਾਧਿਅਮ ਰਾਹੀਂ ਆਦਰਸ਼ਕ ਢੰਗ ਨਾਲ ਜੋ ਸੰਗੀਤ ਗਾਇਆ ਜਾਂ ਵਜਾਇਆ ਜਾਂਦਾ ਹੈ, ਉਹ ਸ਼ਾਸਤਰੀ ਸੰਗੀਤ ਕਹਾਉਂਦਾ ਹੈ। ਸ਼ਾਸਤਰੀ ਸ਼ਬਦ ਤੋਂ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਸ਼ਾਸਤਰੀ ਸੰਗੀਤ ਸ਼ਾਸਤਰਾਂ ਵਿੱਚ ਦਿੱਤੇ ਨਿਯਮਾਂ ਅਨੁਸਾਰ ਹੀ ਗਾਉਣ ਦੀ ਕਲਾ ਹੈ। ਇਨ੍ਹਾਂ ਨਿਯਮਾਂ ਦੇ ਅੰਤਰਗਤ ਰਾਗ, ਤਾਲ, ਸ਼ਰੁਤੀ, ਸਪਤਕ, ਥਾਟ, ਗ੍ਰਾਮ, ਮੂਰਛਨਾਂ, ਤਾਨ, ਅਲਾਪ, ਗਮਕ ਆਦਿ ਆਉਂਦੇ ਹਨ। ਇਸ ਸੰਗੀਤ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਨਿਯਮਾਂ ਵਿਚ ਬੰਨਿਆ ਹੋਣ ਤੇ ਵੀ ਇਹ ਅਨੰਤ ਅਤੇ ਅਪਾਰ ਹੈ। ਇਸ ਵਿਚ ਧੁਨ ਜਾਂ ਕਾਵਿ ਉਤੇ ਨਹੀਂ ਸਗੋਂ ਸੁਰ ਤੱਤ ਦੀ ਸਾਧਨਾ ਅਤੇ ਕਲਪਨਾ ਦੀ ਵਿਵਿਧਤਾ ਉਤੇ ਧਿਆਨ ਦਿੱਤਾ ਜਾਂਦਾ ਹੈ। ਇਸ ਦੀਆਂ ਅਨੇਕ ਸ਼ੈਲੀਆਂ ਪ੍ਰਚਾਰ ਵਿਚ ਹਨ ਜਿਵੇਂ ਧਰੁਪਦ, ਧਮਾਰ, ਖਿਆਲ਼, ਠੁਮਰੀ ਆਦਿ ਜੋ ਵੱਖ ਵੱਖ ਸਮੇਂ ਅਨੁਸਾਰ ਬਾਹਰੀ ਪ੍ਰਭਾਵਾਂ ਕਾਰਨ ਪ੍ਰੀਵਰਤਤ ਹੁੰਦੀਆਂ ਰਹੀਆਂ ਹਨ, ਪ੍ਰੰਤੂ ਇਹ ਪ੍ਰੀਵਰਤਨ ਕੇਵਲ ਬਾਹਰੀ ਸਰੂਪ ਵਿਚ ਹੁੰਦਾ ਰਿਹਾ, ਸ਼ਾਸਤਰੀ ਸੰਗੀਤ ਦੇ ਅਸਲੀ ਨਿਯਮਾਂ ਵਿਚ ਨਹੀਂ।

*2. **ਲੋਕ ਸੰਗੀਤ** :* ਇਸ ਸੰਗੀਤ ਵਿਚ ਜ਼ਿਆਦਾ ਕਠੋਰ ਨਿਯਮਾਂ ਦਾ ਪਾਲਣ ਜ਼ਰੂਰੀ ਨਹੀਂ ਹੁੰਦਾ। ਲੈਅ, ਸੁਰ ਅਤੇ ਕਾਵਿ ਦੇ ਸੁਮੇਲ ਨਾਲ ਜਨ ਮਨੋਰੰਜਨ ਕਰਨਾ ਹੀ ਇਸਦਾ ਮੁੱਖ ਉਦੇਸ਼ ਹੈ। ਵਿਭਿੰਨ ਮੌਕਿਆਂ ਉਤੇ ਪ੍ਰਚਲਿਤ ਸੰਗੀਤ, ਲੋਕ ਸੰਗੀਤ, ਸੁਗਮ ਸੰਗੀਤ, ਅਤੇ ਫਿਲਮੀ ਸੰਗੀਤ ਆਦਿ ਇਸੇ ਸ਼੍ਰੇਣੀ ਦੇ ਅੰਤਰਗਤ ਆਉਂਦੇ ਹਨ। ਲੋਕ ਸੰਗੀਤ, ਸੰਗੀਤ ਦਾ ਉਹ ਸਰਲ ਰੂਪ ਹੈ ਜਿਸਦੇ ਅੰਤਰਗਤ ਲੋਕਾਂ ਵਿਚ ਸਦੀਆਂ ਤੋਂ ਚਲੇ ਆ ਰਹੇ ਰੀਤੀ-ਰਿਵਾਜ਼ਾਂ ਦੀ ਝਲਕ ਮਿਲਦੀ ਹੈ। ਇਸ ਦੇ ਅੰਤਰਗਤ ਵਿਆਹ ਦੇ ਗੀਤ, ਤਿਉਹਾਰਾਂ ਦੇ ਗੀਤ, ਦਿਨ ਭਰ ਦੇ ਕੰਮ ਧੰਦਿਆਂ ਉਤੇ ਅਧਾਰਿਤ ਗੀਤ ਅਤੇ ਪੁਰਾਣੀਆਂ ਪ੍ਰਚਲਿਤ ਗਾਥਾਵਾਂ ਉਤੇ ਅਧਾਰਿਤ ਗੀਤ ਆਉਂਦੇ ਹਨ। ਇਹ ਗੀਤ ਵਿਅਕਤੀਗਤ ਜਾਂ ਸਮੂਹਿਕ ਰੂਪ ਵਿਚ ਸੁੱਖਾਂ ਦੁੱਖਾਂ ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਵਿਭਿੰਨ ਮੌਕਿਆਂ ਉਤੇ ਗਾਏ ਜਾਂਦੇ ਹਨ। ਲੋਕ ਸੰਗੀਤ ਵਿਚ ਵਿਸ਼ੇਸ਼ ਸਥਾਨ ਜਾਂ ਖੇਤਰ ਨਾਲ ਸਬੰਧਿਤ ਭਾਸ਼ਾ, ਰੁਚੀਆਂ, ਸਮਾਜਕ ਭਾਵਨਾਵਾਂ ਸੁਭਾਵਿਕ ਅਤੇ ਪ੍ਰੰਪਰਾਗਤ ਹੁੰਦੀਆਂ ਹਨ।

ਸੰਗੀਤ ਕਲਾ ਸਾਰੀਆਂ ਕਲਾਵਾਂ ਵਿਚੋਂ ਅਤਿ ਸੂਖਮ ਹੈ। ਹੋਰ ਕਲਾਵਾਂ ਵਿਚ ਕਲਾਕਾਰ ਸਾਡੇ ਸਾਹਮਣੇ ਜਿਸ ਪੱਖ ਨੂੰ ਰੱਖਦੇ ਹਨ ਉਨ੍ਹਾਂ ਦਾ ਸਬੰਧ ਸਾਡੇ ਮਨ ਨਾਲ ਨਾ ਹੋ ਕੇ ਸਾਡੀ ਬੁੱਧੀ ਨਾਲ ਹੁੰਦਾ ਹੈ। ਪ੍ਰੰਤੂ ਸੰਗੀਤ ਸਿੱਧਾ ਅੰਤਰਮਨ ਨੂੰ ਛੂੰਹਦਾ ਹੈ। ਸੰਗੀਤ ਵਿਚ ਤਾਲ ਨਾਲ ਚੱਲਣ ਵਾਲੀਆਂ ਨਿਯਮਿਤ ਗਤੀਆਂ ਦਾ ਆਤਮਾ ਨਾਲ ਨੇੜੇ ਦਾ ਸਬੰਧ ਹੋਣ ਕਾਰਨ ਇਸ ਵਿਚ ਕੋਮਲਤਾ ਅਤੇ ਸੁੰਦਰਤਾ ਹੈ। ਇਹ ਸਾਨੂੰ ਬਾਹਰੀ ਜਗਤ ਤੋਂ ਖਿੱਚ ਕੇ ਅੰਤਰਮੁਖੀ ਬਣਾ ਲੈਂਦਾ ਹੈ ਅਤੇ ਅਸੀਂ ਅਨੰਦਿਤ ਅਵਸਥਾ ਦੀ ਉਚਾਈ ਤੇ ਪਹੁੰਚ ਕੇ ਆਪਣਾ ਆਪ ਕੁਝ ਸਮੇਂ ਲਈ ਭੁੱਲ ਜਾਂਦੇ ਹਾਂ। ਇਸ ਕਰਕੇ ਸਾਰੀਆਂ ਲਲਿਤ ਕਲਾਵਾਂ ਵਿਚੋਂ ਸੰਗੀਤ ਨੂੰ ਸਰਬੋਤਮ ਮੰਨਿਆ ਗਿਆ ਹੈ। ਜਿਥੇ ਸ਼ਬਦ ਖਤਮ ਹੋ ਜਾਂਦੇ ਹਨ, ਉਥੋਂ ਸੰਗੀਤ ਆਰੰਭ ਹੁੰਦਾ ਹੈ। ਸੰਗੀਤ ਮਨੋਰੰਜਕ ਧੁਨੀ ਤਰੰਗਾਂ ਦਾ ਵਿਸ਼ਾਲ ਸਾਗਰ ਹੈ, ਜੋ ਮਨੁੱਖ ਨੂੰ ਦਿੱਤਾ ਗਿਆ ਦੈਵੀ ਵਰਦਾਨ ਹੈ। ਸੁਰ ਅਤੇ ਲੈਅ ਸੰਗੀਤ ਕਲਾ ਨੂੰ ਸਿਰਜਣ ਵਾਲੇ ਦੋ ਤੱਤ ਹਨ। ਸੁਤੰਤਰ ਰੂਪ ਵਿਚ ਸਥਾਪਤ ਸਪਾਟ ਸੁਰ ਸੰਗੀਤ ਨਹੀਂ ਉਪਜਾ ਸਕਦੇ। ਇਸ ਲਈ ਗਤੀ ਅਤੇ ਲੈਅ ਦੀ ਸਹਾਇਤਾ ਨਾਲ ਇਸਦੇ ਅਨੇਕ ਸੁਰਾਤਮਕ ਸਰੂਪ ਤਿਆਰ ਕੀਤੇ ਜਾਂਦੇ ਹਨ। ਭਾਰਤੀ ਸੰਗੀਤ ਦੀਆਂ ਤਿੰਨ ਵਿਸ਼ੇਸ਼ਤਾਵਾਂ ਹਨ :

1 ਸਥਾਈ ਨਾਦ ਦੀ ਪਿੱਠਭੂਮੀ

2 ਰਾਗ ਦੀ ਪ੍ਰਧਾਨਤਾ

3 ਤਾਲ ਦਾ ਗਠਨ

ਇਸ ਤਰ੍ਹਾਂ ਸੰਗੀਤ ਵਿਚ ਇਨ੍ਹਾਂ ਤਿੰਨ ਗੱਲਾਂ ਦੀ ਪ੍ਰਮੁੱਖਤਾ ਰਹਿੰਦੀ ਹੈ।


ਸਮੁੱਚੇ ਤੌਰ 'ਤੇ ਸੰਗੀਤ ਕਲਾਵਾਂ ਦੇ ਪਰਿਵਾਰ ਦੀ ਇਕ ਪ੍ਰਮੁੱਖ ਅਤੇ ਜ਼ਰੂਰੀ ਕੜੀ ਹੈ। ਇਸ ਨਾਲ ਸੰਗੀਤ ਦੇ ਹਰ ਵਿਦਿਆਰਥੀ ਨੂੰ ਇਸਦੇ ਕਾਰਜ ਅਤੇ ਖੇਤਰ ਬਾਰੇ ਜਾਣਕਾਰੀ ਲੋੜੀਂਦੀ ਹੈ। ਹੋਰ ਕਲਾਵਾਂ ਦੇ ਮੁਕਾਬਲੇ ਸੰਗੀਤ ਸਭ ਤੋਂ ਵੱਧ ਸੂਖਮ ਹੋਣ ਕਾਰਨ ਆਪਣੇ ਮਾਧਿਅਮ ਨੂੰ ਆਪਣੇ ਢੰਗ ਨਾਲ ਪ੍ਰਗਟਾਉਣ ਜਾਂ ਪ੍ਰਸਤੁਤ ਕਰਨ ਦੇ ਪੱਖੋਂ ਜ਼ਿਆਦਾ ਸੁਤੰਤਰ ਅਤੇ ਸੰਪੂਰਨ ਹੈ, ਪਰ ਫਿਰ ਵੀ ਸੰਗੀਤਕ ਧੁਨੀਆਂ ਪੂਰਨ ਤੌਰ ਤੇ ਆਜ਼ਾਦ ਨਹੀਂ ਕਿ ਉਹ ਆਪਣੇ ਹੀ ਰਸਤੇ ਚੱਲਣ। ਸੰਗੀਤ ਨੂੰ ਬ੍ਰਹਿਮੰਡ ਦੇ ਕੁਝ ਭੌਤਿਕ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ ਤਾਂ ਜੋ ਉਹ ਆਪਣੇ ਉੱਚੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਯੋਗ ਬਣੇ। ਇਸੇ ਕਾਰਨ ਸੰਗੀਤ ਨੂੰ ਦੂਹਰੀ ਸਖਸ਼ੀਅਤ ਰੱਖਣ ਵਾਲੀ ਕਲਾ ਮੰਨਿਆ ਗਿਆ ਹੈ । ਜੀ ਐਚ. ਰਾਨਾਡੇ ਦੇ ਸ਼ਬਦਾਂ ਵਿਚ :

'ਸੁਭਾਵਿਕ ਤੌਰ ਤੇ ਇਹ ਇਕ ਕਲਾ ਹੈ ਪਰ ਲੋੜਾਂ ਦੀ ਪੂਰਤੀ ਦੇ ਪੱਖੋਂ ਇਹ ਵਿਗਿਆਨਕ ਹੈ। ਵਿਗਿਆਨ ਦੇ ਤੌਰ 'ਤੇ ਇਸ ਨੂੰ ਸੰਗੀਤਕ ਧੁਨੀ ਦੇ ਬੁਨਿਆਦੀ ਵਿਧਾਵਾਂ ਜਾਂ ਨੇਮਾਂ ਦੀ ਪਾਲਣਾ ਕਰਨੀ ਪੈਂਦੀ ਹੈ।'

ਉਤਮ ਸੰਗੀਤ ਉਸ ਸੰਗੀਤ ਨੂੰ ਮੰਨਿਆ ਜਾਵੇਗਾ ਜੋ ਬੌਧਿਕ ਅਤੇ ਭਾਵਾਨਤਮਕ ਪੱਖਾਂ ਵਿਚ ਆਪਸੀ ਸੰਤੁਲਨ ਲਿਆਉਣ ਦੇ ਯੋਗ ਹੋਵੇਗਾ। ਸੰਗੀਤ ਦੇ ਬੇਅੰਤ ਬੌਧਿਕ ਤੱਤਾਂ ਦੇ ਜਾਗਰਣ ਦੀਆਂ ਸੰਭਾਵਨਾਵਾਂ ਨੂੰ ਖੋਲ੍ਹਣ ਵਿਚ ਵਿਗਿਆਨਕ ਪੱਖ ਸਹਾਈ ਹੋਇਆ ਹੈ ਅਤੇ ਮਨੁੱਖ ਦੇ ਭੌਤਿਕ ਮਨੋਵਿਗਿਆਨਕ ਅਤੇ ਸਭਿਆਚਾਰਕ ਸੰਸਕਾਰਾਂ ਨੇ ਭਾਵਨਾਤਮਕ ਪੱਖ ਦੀ ਅਗਵਾਈ ਕੀਤੀ ਹੈ।

ਉਪਰੋਕਤ ਚਰਚਾ ਤੋਂ ਇਹ ਪੱਖ ਭਲੀ ਭਾਂਤੀ ਉਘੜਦਾ ਹੈ ਕਿ ਹਿੰਦੁਸਤਾਨੀ ਸੰਗੀਤ ਦਾ ਸਰੂਪ ਅਤੇ ਸੁਹਜ ਇਨਾ ਵਿਸ਼ਾਲ ਅਤੇ ਗਹਿਰਾ ਹੈ ਜਿਸਦੀ ਸਿੱਖਿਆ ਲਈ ਵੀ ਉਨੇ ਹੀ ਵਿਸ਼ਾਲ ਅਤੇ ਗਹਿਰੇ ਅਨੁਭਵ ਦੀ ਲੋੜ ਹੈ ਜੋ ਇਕ ਵਿਸ਼ੇਸ਼ ਮਾਹੌਲ ਵਿਚ ਪਰਨਾਲੀ ਰਾਹੀਂ ਹੀ ਪ੍ਰਾਪਤ ਕੀਤੀ ਜਾ ਸਕਦਾ ਹੈ।

*ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ*



# Bhai Didar Singh A Sikh Musician Who Never Got His Due

Harjap Singh Aujla

During the sixties my father late S. Sochet Singh once attended a post Akhand Path Kirtan programme in Hoshiarpur. He was impressed with the sweet versatile voice of a blind black bearded young musician named Bhai Didar Singh. After that cursory reference, I did not hear about this maestro. He was never heard of in a Kirtan Darbar, or at any private religious function. To me his name and faint memory remained dormant in a remote corner of my brain for years to come

Around 1983 someone in Vancouver gave me a tape with handwritten title Bhai Didar Singh Raagi on its cover. On hearing his enchanting unheard of voice, the old memories of my father's words sprouted up again. I once again recollected my father's words of the late sixties. The longest duration Shabad in the tape was entitled "Aappe bauh bidh rangla, sakhiye mera laal". It turned out to be a very professionally rendered "Shabad" in "Guldasta" format and it simply mesmerized me. I listened to this tape again and again and was never tired of it.

A few months later I met Giani Gurdip Singh ji, the then Head Priest of Gurdwara Richmond Hill New York. This gurdwara was a de-facto place of pilgrimage for all the Sikhs living North of Washington D.C. on the Eastern seaboard of America. I made a casual mention of this newly obtained tape to Giani Gurdip Singh. His eyes lit up. He was very knowledgeable and he had already heard this tape. He told me that Darshan Singh Komal had three highly accomplished "Shagirds" (pupils). Out of them Bhai Dharam Singh Zakhmi was very comfortable in lower musical notes, Bhai Beant Singh Bijli is more comfortable in higher notes, but Bhai Didar Singh is so versatile, he moves at ease like a fish between the highest and the lowest notes and does full justice to the intricacies of "Raaga". He said Bhai Didar Singh's voice is something close to K.L. Saigal and Bade Ghulam Ali Khan. A few months later I talked of Rabinder Singh Bhamra, the Vice President of Gurdwara Richmond Hill New York, he told me that they have sponsored Bhai Didar Singh's Jatha's visit to New York for the second half of 1984. Bhai Didar Singh came in October 1984. Sardar Tejinder Singh Kahlon, president of that gurdwara told me that Bhai Didar Singh will stay in Gurdwara Richmond Hill New York for one and a half months and after that I could take his Jatha to Gurdwara Bridgewater New Jersey. I was thrilled to hear the offer and on the appointed day I drove this Jatha to Gurdwara Bridgewater sometime in

December of 1985.

Gurdwara Richmond Hill New York is approximately eighty miles away from Gurdwara Bridgewater New Jersey and it was a good two hours plus journey. I had several questions to ask and Bhai Didar Singh had the answers. I seated him on the front seat and his three companions Ajit Singh, Sarbjit Singh and Sukhdev Singh were seated on the rear seats. I started the conversation by asking about his initiation into classical music or "Gurmat Sangeet". Bhai Didar Singh told me that he being blind had a lot of handicap, a blind man cannot read or write, so he was made to cram up as much "Gurbani" as possible before attaining the age of ten. By age twelve he had crammed up more than eight hundred "Shabads". These "Shabads" he still remembers and sings. Roughly at the age of ten, he was initiated into classical music and by the age of fifteen he had become adept in rendition of close to eighty "Raagas" and "Raaginis".

Bhai Didar Singh told me that learning a "Raaga" is the easy part, its repeated "Riyaz" and sticking to its true character like discrete application of "Komal" and "Teevar" "Surs" is the most difficult part of its rendition. He told me that he had been doing "Riyaz" for several hours everyday till the age of twenty five, after that "hours of "Riyaz" were curtailed and daily "Kirtan" in different "Raagas" became a substitute for longer hours of "Riyaz", but still some "Riyaz" is necessary. Bhai Didar Singh told me that he can proficiently play most of the "Taals" on "Tabla". In addition, he was groomed to play two string instruments "Sarangi" and Violin.

His "Ustad" Professor Darshan Singh Komal trained him as a versatile musician. Professor Darshan Singh Komal taught him to play a difficult string instrument "Sarangi" with ease. According to his tutor "Sarangi" was an instrument which could come to his rescue during the worst of times. After imparting adequate knowledge in singing and instrument playing, his "Ustad" established him (Didar Singh) as the lead singer and he himself became his "Saathi" on "Tabla".

Bhai Didar Singh lamented that since the nineteen sixties, the appreciation and respect for real good musicians has been declining steadily. Those with virtually no training and having uncultured voices, but possessing good managerial skills, are in great demand. The genuinely good musicians are always seen struggling and the not so good ones are flourishing. At one extremely bad time in his life, the "Sarangi" indeed came to his rescue. When no one wanted to listen to classical music, he improvised a "Dhadi Jatha". He himself became the "Sarangi" player and two of his students became "Dhadi Singers". This hurriedly assembled rag-tag "Dhadi Jatha" became very popular, in rural Punjab, within a very short duration of time and this switch over earned a lot more money that he could not earn as a professionally trained "Kirtania". He told me that he has brought a "Sarangi" for this tour also. He confided to me that there may be some places in America,

where proper classical "Kirtan" may not find acceptance. At such places "Sarangi" will come to his rescue. He told me that his new companions on current tour Sarbjit Singh and Sukhdev Singh have been trained as "Dhadis" and they can make good money. I asked him as to why his voice has never been heard on the airwaves of All India Radio. He told me that no body from the radio station ever approached him and the idea of going uninvited to the radio station did not occur to him. But he said some of the folks who took lessons in music from him are now radio artists. Later on I did hear his voice from All India Radio Jalandhar. In an answer to another question, Bhai Didar Singh said that he has been invited every year to perform "Shabad Gayan" at the famous "Guru Ram Dass Birth Anniversary Kirtan Darbar" at "Gurdwara Manji Sahib" located within the Golden Temple complex, but his "Shabad Kirtan" has never been broadcast from the sanctum sanctorum of the Golden Temple. He said that some genuine lovers of music in Punjab have really given him a lot of respect and he is thankful to them.

Bhai Didar Singh was all praise for Late Bhai Samund Singh ji. According to him Bhai Samund Singh was the only "Kirtania" who will render all the "Shabads" in a "Chowki" in pure classical formats, everybody else renders the first "Shabad" in a classical "Raaga" and then switches to semi-classical or light "Reets". Bhai Didar Singh lived most of his life in village Nangal Khurd in Hoshiarpur District. On the death of his illustrious "Ustad" Darshan Singh Komal, Bhai Didar Singh became the successor of his legacy. Bhai Didar Singh continued to teach "Shabad Kirtan" to the prospecting "Raagis". Occasionally he visited foreign lands too. In reply to another question, Bhai Didar Singh said that he has a lot of admiration for the Rababi Kirtanias and they have certain advantages too. Being musicians by profession, their kids are introduced to "Pakka Raag" at very young ages. This grooming at an early age gives them a lifelong advantage.

We did not know how two hours went by and how we reached the parking area of Gurdwara Bridgewater. We were not sure of the "Sangat's" response to his voice and art. But contrary to our fears, the weekly Friday and Sunday congregations at Gurdwara Bridgewater thoroughly appreciated his "Kirtan Kala" and he was not compelled to use his "Sarangi" as a "Dhadi" during any of the "Diwans".

Bhai Pargat Singh, a long time resident of New York, is himself a very well trained classical musician. Bhai Pargat Singh learnt proper classical music from a highly accomplished classical maestro Master Rattan of Phagwara. He is also a great connoisseur of all kinds of classical music. Bhai Didar Singh was one of his most favourite "Kirtanias". I invited Bhai Pargat Singh to an evening "Kirtan Darbar" at Gurdwara Bridgewater. He was asked to bring his string instrument "Taanpura" too. He came with his musician family. Together they performed very melodious "Kirtan". After

that he accompanied Bhai Didar Singh also as a side musician and he was accompanied by his "Taanpura". This performance came out to be a historic event. I am glad I have been able to preserve its transcript.

During a month long stay at Bridgewater, Bhai Didar Singh invariably performed the first "Shabad" in pure "Khayali" format and the subsequent "Shabads" were rendered in "Reets" based on classical "Raagas". I personally made a number of recordings of his renditions. But before we could schedule his repeat visit in 1989, he was already no more. He was diabetic and no one in India got his heart checked like we do in America. He died before attaining the age of sixty. He is not physically with us but his voice has been preserved for the unborn posterity. Bhai Didar Singh was a masterly Sikh religious musician, who never got his due.

*harjapaujla@gmail.com*


# ਹਿੰਦੁਸਤਾਨੀ ਸੰਗੀਤ ਪਧਿੱਤੀ

ਕ੍ਰਮਿਕ ਪੁਸਤਕ-ਮਾਲਿਕਾ (ਪਹਿਲੀ ਪੁਸਤਕ)

ਪੰਡਤ ਵਿਨੂੰ ਨਾਰਾਇਨ ਭਾਤਖੰਡੇ ਜੀ ਦੀ ਰਚੀ ਪੁਸਤਕ ਹੁਣ ਪੰਜਾਬੀ ਵਿੱਚ ਪ੍ਰਾਪਤ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ: 0172-2701396, 2713915 e-mail: drjagirsingh@rediffmail.com

HELP NEEDY

SHARE THE BLESSINGS

HELP NEEDY

? TO LIVE LONG

LEAD NATURAL LIFE

? TO LIVE MEANINGFUL LIFE

JOIN TEAM HELP NEEDY

? TO LIVE FOR EVER

DONATE

• BLOOD • EYES • TISSUES • ORGANS • WHOLE BODY

A UNIQUE GIFT OF LIFE

AN ISO 9001 - 2000 CERT. TRUST

**SEWAKS' Charitable Trust (Regd.)**

Regd. Office : SCO 1104-05, First Floor, Sector 22-B, Chandigarh-160 022 (INDIA)

Tel. : 93161-36268, 93161 36268, 98786 36268, 98141 01806

BRANCH OFFICE : 2477, STREET 15, DASHMESH NAGAR, LUDHIANA (PUNJAB) PH: 2490820, 98156-18154

✚ Medical Sewa Centre : Village Jhanjeri, P.O. Landran, Tehsil Kharar, Distt. S.A.S. Nagar (PUNJAB) ✚

✚ Sewaks Sewa Centre : Lal Kothi, Village Behlon, Morni Hills, Distt. Panchkula (HARYANA) ✚

IN THE SERVICE OF HUMANITY SINCE 1994

## ਸੁਰ ਲਿਪੀ

ਸ੍ਵ. ਸੰਤ ਗੁਰਚਰਨ ਸਿੰਘ 'ਚੰਨੀ'

*ਡੇਰਾ ਬਾਬਾ ਜੱਸਾ ਸਿੰਘ, ਪਟਿਆਲਾ*

**ਰਾਗ ਮਲਾਰ**

ਇਹ ਕਾਫ਼ੀ ਠਾਟ ਦਾ ਰਾਗ ਹੈ।

***ਜਾਤੀ***- ਵਕ੍ਰ ਸੰਪੂਰਣ, ***ਵਾਦੀ***- ਖੜਜ, ***ਸੰਵਾਦੀ***- ਪੰਚਮ,

ਗਾਉਣ ਦਾ ਸਮਾਂ ਵਰਖਾ ਰੁੱਤ ਜਾਂ ਮੱਧ ਰਾਤ

ਇਸ ਵਿਚ ਗੰਧਾਰ-ਧੈਵਤ ਅੰਦੋਲਿਤ ਦੇ ਦੋਵੇਂ ਨਿਸ਼ਾਦ ਸਾਥ-ਸਾਥ ਭੀ ਲਾਉਂਦੇ ਨੇ। ਗੰਧਾਰ ਕੋਮਲ ਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਸ ਨੂੰ ਅੱਜ-ਕਲ੍ਹ ਮੀਆਂ ਮਲਾਰ ਆਖਦੇ ਹਨ।

***ਆਰੋਹ***- ਸ, ਨੁਧ਼ ਨੁਧ਼ ਨ਼ਸ, [ਮ]ਰ, ਨੁ‿ਧ ਨੁ‿ਧ ਨ ਸਂ।

***ਅਵਰੋਹ*** - ਸਂ [ਧ]ਨੁਪ, ਮਪ [ਮ]ਗੁ਼ [ਮ]ਰ, ਸ।

ਤੀਨ ਤਾਲ

| × | | | | 2 | | | | ० | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਅਸਥਾਈ | | | | | | | | | | | | | | | |
| | | | | | | | | ਨ | ਸਂ | ਨੁ | ਪ | ਮ | ਪ | ਗੁ | ਮ |
| | | | | | | | | *ਉ੍ਹ* | *ऽ* | *ਨ* | *ਵਿ* | *ਉ੍ਹ* | *ऽ* | *ਨ* | *ਵਿ* |
| ਨੁ | ਧ | ਨ | ਨ | ਸਂ | - | - | - | ਗੁ | ਮ | ਰ | ਸ | ਮ | - | ਮ | ਪ |
| *ਆ* | *ऽ* | *ऽ* | *ਇ* | *ਆ* | *ऽ* | *ऽ* | *ऽ* | *ਬ* | *ਰ* | *ਸੈ* | *ऽ* | *ਲਾ* | *ऽ* | *ਇ* | *ਝ* |
| ਨੁ | - | - | ਨੁ | ਧ | - | - | - | | | | | | | | |
| *ੜੀ* | *ऽ* | *ऽ* | *ਝ* | *ੜੀ* | *ऽ* | *ऽ* | *ऽ* | | | | | | | | |
| ਅੰਤਰਾ | | | | | | | | | | | | | | | |
| | | | | | | | | ਮ | - | ਪ | ਪ | ਨੁ | ਧ | ਨ | ਨ |
| | | | | | | | | *ਨਾ* | *ऽ* | *ਨ* | *ਕ* | *ਭਾ* | *ਣੈ* | *ਚ* | *ਲੈ* |
| ਸਂ | - | - | ਸਂ | ਰਂ | ਨ | ਸਂ | ਸਂ | ਗੁਂ | ਮਂ | ਰਂ | ਸਂ | ਨੁ | ਨੁ | ਮ | ਪ |
| *ਕੰ* | *ऽ* | *ऽ* | *ਤ* | *ਕੈ* | *ऽ* | *ऽ* | *ਸੁ* | *ਮਾ* | *ऽ* | *ਣੇ* | *ऽ* | *ਸ* | *ਦਾ* | *ऽ* | *ਰ* |
| ਨੁ | - | - | ਨੁ | ਧ | - | - | - | | | | | | | | |
| *ਲੀ* | *ऽ* | *ऽ* | *ਰ* | *ਲੀ* | *ऽ* | *ऽ* | *ऽ* | | | | | | | | |

***THE SIKH REVIEW***

**(A Monthly Magazine)**

**116, Karnani Mansion**
**25-A, Park Street, Kolkata**

ਅੰਗ ੧੨੮੦
ਸਲੋਕ ਮਃ ੩ ॥
ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥
Hanging low, low and thick in the sky, the clouds come, and water rains down in torrents.

ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥੧॥
O Nanak, she walks in harmony with the Will of her Husband Lord; she enjoys peace and pleasure forever. ||1||


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com


▲▲▲▲▲▲▲

Beautiful pictures are developed from negatives in a dark room. So if you see darkness in your life be sure that God is making a beautiful picture for you.

▲▲▲▲▲▲▲

*With best compliments from a wellwisher*

## ਘਟਿ ਘਟਿ ਵਾਜਹਿ ਨਾਦ

ਸੁਰਪ੍ਰੀਤ ਕੌਰ

ਗੂੰਜੇ ਸਰਗਮ
ਧੁਨਿਕਰ ਧੁਨਿ,
ਅਨਹਦ ਬਾਣੀ
ਅੰਮ੍ਰਿਤ ਕੀਰਤਨ।
ਨਾਮ ਨਿਰੰਜਨ
ਸਿਫਤਿ ਸਲਾਹੁਣ,
ਗਾਵੇ ਕੁਦਰਤ
ਧਿਆਵੇ ਕਣ-ਕਣ।
ਤਾਨਾਂ ਛੇੜਨ
ਵਣਜਾਰੇ ਮੌਸਮ,
'ਕੇਤੇ ਰਾਗ
ਪਰੀ ਸਿਉ ਕਹੀਅਨਿ'।
ਕੇਤੇ ਬ੍ਰਹਿਮੰਡ
ਅਕਾਲ ਅਗੰਮ,
'ਵਾਜੇ ਨਾਦ
ਅਨੇਕ ਅਸੰਖ'।
ਵਰਸੇ ਰਿਮਝਿਮ
ਪਲ-ਪਲ ਖਿਣ-ਖਿਣ,
'ਨਾਦ ਬਿਨੋਦ
ਕੋਡ ਅਨੰਦੁ'।

*ਸੁਰਪ੍ਰੀਤ ਕੌਰ*
*ਸੀਨੀ: ਤਕਨੀਕੀ ਸਹਾਇਕਾ*
*ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ*

Postal Regd. No. G/CDH/0045/2009-10 RNI Regd. No. 46788/89 ISSN 0972-2335

Aug. 2009

